ਫਿਰ ਇੱਕ ਹੋਰ ਮਹੱਤਵਪੂਰਨ ਸਵਾਲ ਉੱਠਦਾ ਹੈ—ਕੀ ਸਾਡੀ ਆਭਾ ਜਾਂ ਨਿੱਜੀ ਊਰਜਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ?

ਚਾਹੇ ਇਸ ਨੂੰ ਅਧਿਆਤਮਿਕ ਨਜ਼ਰੀਏ ਨਾਲ ਦੇਖਿਆ ਜਾਵੇ ਜਾਂ ਮਨੋਵਿਗਿਆਨਕ ਦ੍ਰਿਸ਼ਟੀ ਨਾਲ, ਜਵਾਬ ਲਗਭਗ ਇੱਕੋ ਹੀ ਹੈ। ਚੰਗੀ ਸਿਹਤ, ਰੋਜ਼ਾਨਾ ਕਸਰਤ, ਪੂਰੀ ਨੀਂਦ, ਸੰਤੁਲਿਤ ਭੋਜਨ, ਧਿਆਨ, ਸੁਚੇਤ ਜੀਵਨ-ਸ਼ੈਲੀ, ਦਇਆ, ਇਮਾਨਦਾਰੀ ਅਤੇ ਸਾਰਥਕ ਰਿਸ਼ਤੇ ਮਨੁੱਖ ਨੂੰ ਮਾਨਸਿਕ ਸਥਿਰਤਾ ਅਤੇ ਭਾਵਨਾਤਮਕ ਸੰਤੁਲਨ ਪ੍ਰਦਾਨ ਕਰਦੇ ਹਨ। ਇਹ ਆਦਤਾਂ ਤਣਾਅ ਨੂੰ ਘਟਾਉਂਦੀਆਂ ਹਨ, ਦਿਮਾਗ਼ ਦੀ ਕਾਰਗੁਜ਼ਾਰੀ ਨੂੰ ਸੁਧਾਰਦੀਆਂ ਹਨ ਅਤੇ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਵਧਾਉਂਦੀਆਂ ਹਨ। ਇਸਦੇ ਉਲਟ ਲਗਾਤਾਰ ਗੁੱਸਾ, ਈਰਖਾ, ਡਰ, ਨਫ਼ਰਤ ਅਤੇ ਚਿੰਤਾ ਮਨੁੱਖ ਦੀ ਅੰਦਰੂਨੀ ਊਰਜਾ ਨੂੰ ਕਮਜ਼ੋਰ ਕਰ ਦਿੰਦੇ ਹਨ। ਇਹ ਸਿਰਫ਼ ਵਿਅਕਤੀ ਨੂੰ ਹੀ ਨਹੀਂ, ਸਗੋਂ ਉਸਦੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਹਰ ਅਧਿਆਪਕ, ਡਾਕਟਰ, ਪ੍ਰਸ਼ਾਸਕ, ਨੇਤਾ, ਮਾਪੇ ਜਾਂ ਦੋਸਤ ਆਪਣੀ ਰੋਜ਼ਾਨਾ ਦੀ ਵਰਤੋਂ ਰਾਹੀਂ ਦੂਜਿਆਂ 'ਤੇ ਇੱਕ ਅਦਿੱਖ ਛਾਪ ਛੱਡਦਾ ਹੈ। ਇਸ ਲਈ ਭਾਵੇਂ ਵਿਗਿਆਨ ਨੇ ਅਜੇ ਤੱਕ ਰੰਗੀਨ ਆਭਾ ਦੀ ਪੁਸ਼ਟੀ ਨਹੀਂ ਕੀਤੀ, ਪਰ ਇਹ ਵਾਰ-ਵਾਰ ਸਾਬਤ ਕਰ ਚੁੱਕਿਆ ਹੈ ਕਿ ਮਨੁੱਖ ਦੇ ਵਿਚਾਰ, ਭਾਵਨਾਵਾਂ ਅਤੇ ਵਿਉਹਾਰ ਵਿਅਕਤੀਗਤ ਅਤੇ ਸਮਾਜਿਕ ਜੀਵਨ 'ਤੇ ਡੂੰਘਾ ਪ੍ਰਭਾਵ ਪਾਉਂਦੇ ਹਨ। ਸ਼ਾਇਦ ਅਸੀਂ ਗਲਤ ਸਵਾਲ ਪੁੱਛ ਰਹੇ ਹਾਂ। ਆਭਾ ਦੀ ਤਸਵੀਰ ਖਿੱਚਣ ਦੀ ਬਜਾਏ ਸਾਨੂੰ ਇਹ ਸੋਚਣਾ ਚਾਹੀਦਾ ਹੈ—ਕੀ ਦਇਆ ਨੂੰ ਮਾਪਿਆ ਜਾ ਸਕਦਾ ਹੈ? ਕੀ ਇਮਾਨਦਾਰੀ ਦਾ ਵਜ਼ਨ ਕੀਤਾ ਜਾ ਸਕਦਾ ਹੈ? ਕੀ ਕਰੁਣਾ ਨੂੰ ਕਿਸੇ ਯੰਤਰ ਨਾਲ ਗਿਣਿਆ ਜਾ ਸਕਦਾ ਹੈ? ਇਹ ਗੁਣ ਭਾਵੇਂ ਵਿਗਿਆਨਕ ਉਪਕਰਣਾਂ 'ਤੇ ਦਿਖਾਈ ਨਾ ਦੇਣ, ਪਰ ਇਹ ਹਰ ਰੋਜ਼ ਅਣਗਿਣਤ ਜੀਵਨਾਂ ਨੂੰ ਬਦਲਦੇ ਹਨ।

ਅਸਲ ਮਨੁੱਖੀ ਆਭਾ ਸ਼ਾਇਦ ਸਰੀਰ ਦੇ ਆਲੇ-ਦੁਆਲੇ ਚਮਕਣ ਵਾਲਾ ਕੋਈ ਪ੍ਰਕਾਸ਼ ਨਹੀਂ, ਸਗੋਂ ਉਹ ਅਦਿੱਖ ਪ੍ਰਭਾਵ ਹੈ ਜੋ ਮਨੁੱਖ ਦੇ ਚਰਿੱਤਰ ਵਿਚੋਂ ਨਿਕਲਦਾ ਹੈ।

ਇੱਕ ਦਇਆਲੂ ਡਾਕਟਰ ਭਰੋਸੇ ਦੀ ਆਭਾ ਫੈਲਾਉਂਦਾ ਹੈ।

ਇੱਕ ਪ੍ਰੇਰਣਾਦਾਇਕ ਅਧਿਆਪਕ ਆਤਮ-ਵਿਸ਼ਵਾਸ ਜਗਾਉਂਦਾ ਹੈ। ਇੱਕ ਇਮਾਨਦਾਰ ਪ੍ਰਸ਼ਾਸਕ ਵਿਸ਼ਵਾਸ ਦੀ ਨੀਂਹ ਰੱਖਦਾ ਹੈ। ਇੱਕ ਪਿਆਰ ਕਰਨ ਵਾਲਾ ਮਾਪੇ ਸੁਰੱਖਿਆ ਦਾ ਅਹਿਸਾਸ ਦਿੰਦਾ ਹੈ। ਇੱਕ ਦੂਰਅੰਦੇਸ਼ ਨੇਤਾ ਆਸ ਅਤੇ ਹੌਸਲਾ ਪੈਦਾ ਕਰਦਾ ਹੈ। ਇਨ੍ਹਾਂ ਵਿੱਚੋਂ ਕਿਸੇ ਵੀ ਗੁਣ ਨੂੰ ਅਲੌਕਿਕ ਸ਼ਕਤੀ ਦੀ ਲੋੜ ਨਹੀਂ, ਫਿਰ ਵੀ ਇਨ੍ਹਾਂ ਦੀ ਤਾਕਤ ਅਸਾਧਾਰਣ ਹੈ।

ਮਨੁੱਖੀ ਸਭਿਆਚਾਰ ਹਮੇਸ਼ਾ ਉਹਨਾਂ ਮਹਾਨ ਵਿਅਕਤੀਆਂ ਕਰਕੇ ਅੱਗੇ ਵਧਿਆ ਹੈ ਜਿਨ੍ਹਾਂ ਦੇ ਉੱਚੇ ਚਰਿੱਤਰ ਨੇ ਦੂਜਿਆਂ ਦੇ ਜੀਵਨ ਨੂੰ ਰੌਸ਼ਨ ਕੀਤਾ। ਉਨ੍ਹਾਂ ਦੀ ਵਿਰਾਸਤ ਉਨ੍ਹਾਂ ਦੀ ਦੌਲਤ ਜਾਂ ਅਹੁਦੇ ਨਾਲ ਨਹੀਂ, ਸਗੋਂ ਉਨ੍ਹਾਂ ਵੱਲੋਂ ਛੱਡੀ ਗਈ ਸਕਾਰਾਤਮਕ ਊਰਜਾ ਨਾਲ ਜਿਉਂਦੀ ਰਹੀ। ਇਸ ਲੇਖ ਦਾ ਸਾਰ ਬਹੁਤ ਸਧਾਰਨ ਪਰ ਬਹੁਤ ਡੂੰਘਾ ਹੈ। ਅਸੀਂ ਜੋ ਵੀ ਸੋਚਦੇ ਹਾਂ, ਜੋ ਵੀ ਬੋਲਦੇ ਹਾਂ ਅਤੇ ਜੋ ਵੀ ਕਰਦੇ ਹਾਂ, ਉਹ ਸਾਡੇ ਆਲੇ-ਦੁਆਲੇ ਇੱਕ ਅਦਿੱਖ ਮਾਹੌਲ ਦੀ ਰਚਨਾ ਕਰਦਾ ਹੈ। ਅਸੀਂ ਇਸਨੂੰ ਆਭਾ, ਭਾਵਨਾਤਮਕ ਮੌਜੂਦਗੀ ਜਾਂ ਮਨੋਵਿਗਿਆਨਕ ਪ੍ਰਭਾਵ ਜੋ ਵੀ ਨਾਮ ਦੇਈਏ, ਸੱਚਾਈ ਇਹ ਹੈ ਕਿ ਸਾਡਾ ਅੰਦਰੂਨੀ ਸੰਸਾਰ ਲਗਾਤਾਰ ਬਾਹਰੀ ਸੰਸਾਰ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਇਸ ਲਈ ਮਨੁੱਖ ਦੀ ਸਭ ਤੋਂ ਪ੍ਰਕਾਸ਼ਮਾਨ ਆਭਾ ਉਹ ਨਹੀਂ ਜੋ ਅੱਖਾਂ ਨੂੰ ਚਮਕਦੇ, ਸਗੋਂ ਉਹ ਹੈ ਜੋ ਮਨਾਂ ਨੂੰ ਰੌਸ਼ਨ ਕਰੇ, ਦਿਲਾਂ ਨੂੰ ਸਕੂਨ ਦੇਵੇ ਅਤੇ ਮਨੁੱਖਤਾ ਨੂੰ ਪ੍ਰੇਰਿਤ ਕਰੇ। ਅਜਿਹੀ ਆਭਾ ਨਾ ਕਿਸੇ ਚਮਤਕਾਰ ਦੀ ਮੋਹਤਾਜ਼ ਹੈ ਅਤੇ ਨਾ ਹੀ ਕਿਸੇ ਵਿਗਿਆਨਕ ਯੰਤਰ ਦੀ। ਇਹ ਸੱਚਾਈ, ਦਇਆ, ਗਿਆਨ ਅਤੇ ਨਿਸ਼ਕਾਮ ਸੇਵਾ ਰਾਹੀਂ ਬਣਦੀ ਹੈ—ਅਤੇ ਇਹੀ ਮਨੁੱਖੀ ਊਰਜਾ ਦਾ ਸਭ ਤੋਂ ਉੱਚਾ ਰੂਪ ਹੈ।

# ਸਾਉਣ ਮਹੀਨਾ: ਪੁਰਾਣੀ ਪੰਜਾਬੀ ਪਰੰਪਰਾ ਖ਼ੀਰ-ਪੂੜੇ

ਲਾਭ ਸਿੰਘ ਸ਼ੇਰਗਿੱਲ, ਅੱਧੀ ਟਿੱਬੀ
ਬਡਰੁੱਖਾਂ (ਸੰਗਰੂਰ) 86995 35708

ਸਮੇਂ ਨੇ ਅਜਿਹੀ ਕਰਵਟ ਬਦਲੀ ਹੈ ਕਿ ਜਿੱਥੇ ਆਦਮੀ ਦਾ ਰਹਿਣ-ਸਹਿਣ ਬਦਲਿਆ ਹੈ ਉੱਥੇ ਉਸ ਦੇ ਖਾਣ-ਪੀਣ ਵਿੱਚ ਹੈਰਾਨੀਜਨਕ ਤਬਦੀਲੀ ਆ ਗਈ ਹੈ। ਜੀਵਨ ਵਿਚਲੀ ਸਾਦਗੀ ਅਤੇ ਸਾਦੇ ਖਾਣੇ ਬੀਤੇ ਸਮੇਂ ਦੀਆਂ ਗੱਲਾਂ ਬਣਦੀਆਂ ਜਾ ਰਹੀਆਂ ਹਨ। ਅੱਜ ਤਕਰੀਬਨ ਹਰ ਬੰਦਾ ਕੋਈ ਨਾ ਕੋਈ ਸਰੀਰਕ ਮਰਜ਼ ਨਾਲ? ਜੂਝ ਰਿਹਾ ਹੈ। ਇਹ ਸਭ ਜੀਵਨ ਸ਼ੈਲੀ ਦੇ ਵਿਗਾੜ ਕਾਰਨ ਵਾਪਰ ਰਿਹਾ ਹੈ। ਇੱਕ ਸਮਾਂ ਸੀ ਜਦੋਂ ਹਰ ਤਿੱਥ ਤਿਉਹਾਰ 'ਤੇ ਘਰਾਂ ਵਿੱਚ ਹੀ ਸਾਦੇ, ਸ਼ੁੱਧ ਤੇ ਸਿਹਤ ਵਰਧਕ ਖਾਣੇ ਤਿਆਰ ਕੀਤੇ ਜਾਂਦੇ ਸਨ। ਅੱਜ ਭਾਂਤ-ਭਾਂਤ ਦੇ, ਬਹੁਤਾਤ ਕਿਸਮਾਂ ਦੇ ਖਾਣਿਆਂ ਅਤੇ ਇਨ੍ਹਾਂ ਵਿਚਲੀ ਗੁਣਵੱਤਾ ਦੀ ਘਾਟ ਨੂੰ ਦੇਖਦਿਆਂ ਚੇਤਿਆਂ ਵਿੱਚ ਕਈ ਦਹਾਕੇ ਪਹਿਲਾਂ ਘਰਾਂ ਵਿੱਚ ਬਣਾਏ ਜਾਂਦੇ ਸਾਦੇ ਤੇ ਸ਼ੁੱਧ ਪਕਵਾਨਾਂ ਦੀ ਤਸਵੀਰ ਸਾਕਾਰ ਹੋ ਉੱਠਦੀ ਹੈ। ਅਸੀਂ ਬਰਸਾਤਾਂ ਦੇ ਦਿਨਾਂ ਖ਼ਾਸ ਕਰਕੇ ਸਾਉਣ ਮਹੀਨੇ ਨੂੰ ਬੜੀ ਬੇਸਬਰੀ ਨਾਲ? ਉਡੀਕਦੇ ਸੀ ਕਿਉਂਕਿ ਪਤਾ ਹੁੰਦਾ ਸੀ ਕਿ ਇਸ ਮਹੀਨੇ ਖਾਣ ਨੂੰ ਖੀਰ-ਪੂੜੇ, ਗੁਲਗੁਲੇ, ਮੱਠੀਆਂ, ਬਿਸਕੁਟ ਆਦਿ ਮਿਲਣਗੇ। ਉਦੋਂ ਮੀਂਹ ਬਹੁਤ ਪੈਂਦੇ ਸੀ ਕਈ-ਕਈ ਦਿਨ ਝੜੀ ਲੱਗੀ ਰਹਿੰਦੀ ਸੀ। ਹੁੰਮਸ ਭਰੀ ਗਰਮੀ ਤੋਂ ਰਾਹਤ ਮਿਲਦੀ ਮੌਸਮ ਖੁਸ਼ਗਵਾਰ ਤੇ ਠੰਢਾ ਹੋ ਜਾਂਦਾ ਬਸ ਫਿਰ ਕੀ ਹੁੰਦਾ ਚਾਰੇ ਪਾਸਿਉਂ ਗੁਲਗੁਲੇ, ਪੂੜਿਆਂ ਦੀਆਂ ਮਹਿਕਾਂ ਆਉਣ ਲੱਗਦੀਆਂ। ਮੌਸਮ ਤੇ ਖ਼ੁਰਾਕ ਦੇ ਸੁਮੇਲ ਨੂੰ ਬਿਆਨ ਕਰਦੀਆਂ ਇਹ ਸਤਰਾਂ ਅਕਸਰ ਬੋਲੀਆਂ ਜਾਂਦੀਆਂ:-

**ਚੜ੍ਹ ਕਾਲੀਆਂ ਘਟਾਵਾਂ ਆਈਆਂ,**
**ਮੌਸਮ ਹੋਇਆ ਫ਼ਕੀਰ।**
**ਛੱਡੋ ਸਾਰੇ ਰੁਝੇਵੇਂ ਆਉ, ਖਾਈਏ ਗੁਲਗੁਲੇ, ਪੂੜੇ, ਖੀਰ**

ਮੈਨੂੰ ਯਾਦ ਹੈ ਸਾਡੀ ਮਾਂ ਜਦੋਂ ਪੂੜਿਆਂ ਲਈ ਆਟਾ ਘੋਲ? ਰਹੀ ਹੁੰਦੀ ਤਾਂ ਸਾਨੂੰ ਅੱਚਵੀ (ਕਾਹਲ ?) ਲੱਗੀ ਰਹਿੰਦੀ ਕਿ ਕਦੋਂ ਛੇਤੀ ਪੂੜੇ ਬਣਨ ਤੇ ਖਾਈਏ। ਮਾਂ ਨੇ ਕਹਿਣਾ ਜਾਉ ਪਿੱਪਲ ਦੇ ਪੱਤੇ ਤੋੜ ਕੇ ਲਿਆਉ। ਅਸੀਂ ਸਾਡੇ ਘਰ ਦੇ ਸਾਹਮਣੇ ਬਾਗਲ? ਦੇ ਨਾਲ? ਖੇੜੇ 'ਤੇ ਵੱਡਾ ਸਾਰਾ ਪਿੱਪਲ ਸੀ ਜੋ ਹੁਣ ਵੀ ਹੈ, ਫਟਾਫਟ ਸਾਫ਼-ਸਾਫ਼ ਕਈ ਪੱਤੇ ਤੋੜ ਲਿਆਉਂਦੇ। ਮਾਂ ਦੋ ਪੱਤਿਆਂ ਨੂੰ ਦੂਹਰੇ ਕਰਕੇ ਇਨ੍ਹਾਂ ਦਾ ਛਪੇਤਲਾ ਖੁਰਚਣੇ ਨੁਮਾ ਇੱਕ ਯੰਤਰ ਬਣਾ ਲੈਂਦੀ। ਤਵੇ 'ਤੇ ਪਾਏ ਆਟੇ ਦੇ ਘੋਲ? ਨੂੰ ਇਸ ਨਾਲ? ਫੈਲਾ ਕੇ ਤਕਰੀਬਨ ਤਵੇ ਜਿੱਡਾ ਹੀ ਪੂੜਾ ਵਾਹ ਲਿਆ ਜਾਂਦਾ। ਸਾਡੀਆਂ ਨਜ਼ਰਾਂ ਟਿਕੀਆਂ ਰਹਿੰਦੀਆਂ ਕਿ ਛੇਤੀ ਪੱਕੇ ਤੇ ਸਾਡੀ ਪਲੇਟ ਵਿੱਚ ਟਿਕ ਜਾਵੇ। ਮੈਂ ਸਾਡੇ ਪਰਿਵਾਰ ਵਿੱਚ ਸਭ ਤੋਂ ਛੋਟਾ ਸੀ। ਮਾਂ-ਬਾਪ ਆਪਣੇ ਸਾਰੇ ਬੱਚਿਆਂ ਨੂੰ ਪਿਆਰ ਕਰਦੇ ਹਨ ਪਰ ਛੋਟਾ ਬੱਚਾ ਜ਼ਿਆਦਾ ਲਾਡਲਾ ਹੁੰਦਾ ਹੈ ਉਸ ਦੀ ਖ਼ਾਹਿਸ਼ ਪਹਿਲਾਂ ਪੂਰੀ ਕੀਤੀ ਜਾਂਦੀ ਹੈ ਇਸ ਕਰਕੇ ਪਹਿਲਾ ਪੂੜਾ ਮੈਨੂੰ ਹੀ ਮਿਲਦਾ। ਗੁੜ ਦੇ ਇਹ ਪੂੜੇ ਇੰਨੇ ਸਵਾਦ ਲੱਗਦੇ ਅਸੀਂ ਖੀਰ ਨਾਲ? ਕਈ-ਕਈ ਖਾ ਜਾਂਦੇ। ਗੱਲ ਜਦੋਂ ਪਿਛਲੇ ਸਮਿਆਂ ਦੀ ਕਰਦੇ ਹਾਂ ਤਾਂ ਉਦੋਂ ਪਿੰਡ ਸ਼ਹਿਰਾਂ ਨਾਲੋਂ ਇੱਕ ਤਰ੍ਹਾਂ ਨਾਲ? ਟੁੱਟੇ ਹੀ ਹੋਏ ਸਨ ਕਿਉਂਕਿ ਸੰਪਰਕ ਲਈ ਲੋੜੀਂਦੀਆਂ ਸੜਕਾਂ ਵੀ ਨਹੀਂ ਸਨ ਅਤੇ ਰੋਜ਼ ਦਾ ਆਉਣਾ ਜਾਣਾ ਨਹੀ ਸੀ ਹੁੰਦਾ। ਇਨ੍ਹਾਂ ਬਰਸਾਤ ਦੇ ਦਿਨਾਂ ਵਿੱਚ ਅਜਿਹੀਆਂ ਸ਼ੁੱਧ ਘਰ ਦੀਆਂ ਬਣੀਆਂ ਖੁਰਾਕਾਂ ਹੀ ਖਾਧੀਆਂ ਜਾਂਦੀਆਂ ਸਨ। ਗੁੜ ਤੇ ਆਟੇ ਤੋਂ ਬਣੇ ਗੁਲਗੁਲੇ ਅਤੇ ਪੂੜੇ ਸਿਹਤ ਨੂੰ ਆਇਰਨ, ਖਣਿਜ ਤੇ ਐਂਟੀਆਕਸੀਡੈਂਟ ਆਦਿ ਲੋੜੀਂਦੇ ਖੁਰਾਕੀ ਤੱਤ ਦਿੰਦੇ ਸਨ। ਪਿੱਪਲ ਦੇ ਪੱਤਿਆਂ ਨਾਲ? ਤਵੇ 'ਤੇ ਆਟੇ ਦੇ ਘੋਲ? ਨੂੰ ਫੈਲਾਉਂਦੇ ਸਮੇਂ ਇਨ੍ਹਾਂ ਪੱਤਿਆਂ ਦੇ ਔਸ਼ਧੀ ਗੁਣ ਵੀ ਇਨ੍ਹਾਂ ਵਿੱਚ ਸ਼ਾਮਲ ਹੋ ਜਾਂਦੇ ਸਨ। ਬਰਸਾਤਾਂ ਦੇ ਦਿਨਾਂ ਵਿੱਚ ਹੁੰਮਸ ਤੇ ਨਮੀ ਕਾਰਨ ਪਾਚਨ ਕਿਰਿਆ ਕਮਜ਼ੋਰ ਹੋਣ ਲੱਗਦੀ ਹੈ ਗੁਲਗੁਲੇ ਤੇ ਪੂੜਿਆਂ ਵਿੱਚ ਪੈਣ ਵਾਲ ? ਸੌਂਫ ਪਾਚਨ ਕਿਰਿਆ ਨੂੰ ਦਰੁਸਤ ਕਰਨ ਦਾ ਕੰਮ ਕਰਦੀ ਹੈ। ਸਾਉਣ ਮਹੀਨੇ ਇਨ੍ਹਾਂ ਖਾਦ ਪਦਾਰਥਾਂ ਦਾ ਬਣਾਉਣਾ ਪੁਰਾਣੀ ਪੰਜਾਬੀ ਪਰੰਪਰਾ ਹੈ ਪਰ ਅੱਜ ਸਾਡੇ ਘਰਾਂ ਵਿੱਚੋਂ ਇਨ੍ਹਾਂ ਦੇਸੀ ਤੇ ਸ਼ੁੱਧ ਘਰੇਲੂ ਪਕਵਾਨਾਂ ਦੀਆਂ ਖੁਸ਼ਬੂਆਂ ਗਾਇਬ ਹੋ ਰਹੀਆਂ ਹਨ ਇਨ੍ਹਾਂ ਦੀ ਥਾਂ ਨਵੀਂ ਪੀੜ੍ਹੀ ਪੀਜ਼ਾ,ਬਰਗਰ,ਪਾਸਤਾ,ਹੌਟ ਡੌਗ, ਮੋਮੋ, ਮਨਚੂਰੀਅਨ ਆਦਿ ਖਾਣਿਆਂ ਦੀ ਸ਼ੌਕੀਨ ਹੈ ਅਤੇ ਅਜਿਹੇ ਖਾਣਿਆਂ ਨੂੰ ਹੀ ਪਸੰਦ ਕਰਦੀ ਹੈ। ਦੂਸਰੇ ਪਾਸੇ ਹੁਣ ਘਰਾਂ ਵਿੱਚ ਖੁੱਲ੍ਹੀਆਂ ਰਸੋਈਆਂ ਦੀ ਥਾਂ ਆਧੁਨਿਕ ਤਰੀਕਿਆਂ ਨਾਲ? ਲੈਸ ਕਿਚਨ ਬਣ ਗਈਆਂ ਹਨ ਜਿੱਥੇ ਫਾਲਤੂ ਧੂੰਆਂ ਅਤੇ ਅਜਿਹੇ ਪਕਵਾਨਾਂ ਦੀ ਮਹਿਕ ਨਵੀਂ ਪੀੜ੍ਹੀ ਨੂੰ ਪਸੰਦ ਨਹੀਂ ,ਨਾ ਹੀ ਇਨ੍ਹਾਂ ਖਾਣਿਆਂ ਨੂੰ ਪਸੰਦ ਕਰਦੇ ਹਨ। ਇਸ ਵਿੱਚ ਸ਼ਾਇਦ ਉਨ੍ਹਾਂ ਦਾ ਕਸੂਰ ਨਹੀਂ ਇਹ ਛੋਟੀ ਤੇ ਬਣੇ ਬਣਾਏ ਪਦਾਰਥਾਂ ਦੀ ਆਦਤ ਅਸੀਂ ਹੀ ਉਨ੍ਹਾਂ ਨੂੰ ਪਾ ਰਹੇ ਹਾਂ। ਹੋਰ ਤਾਂ ਹੋਰ ਬੱਚਿਆਂ ਦੇ ਨਾਲ? ਹੌਲ ?-ਹੌਲ ? ਅਸੀਂ ਇਨ੍ਹਾਂ ਦੇ ਆਦੀ ਹੁੰਦੇ ਜਾਂਦੇ ਹਾਂ ਜੋ ਕਿ ਇਹ ਸਭ ਸਾਡੀ ਸਿਹਤ ਲਈ ਕਿਸੇ ਵੀ ਤਰ੍ਹਾਂ ਅਨੁਕੂਲ ਨਹੀਂ। ਅੱਜ ਕੋਈ ਵਿਰਲਾ ਜਾਂ ਭਾਗਾਂ ਵਾਲ ? ਘਰ ਹੀ ਹੋਵੇਗਾ ਜਿਸ ਵਿੱਚ ਘਰ ਦੇ ਸਾਰੇ ਜੀਅ ਬਿਲਕੁਲ ਤੰਦਰੁਸਤ ਹਨ ਨਹੀਂ ਤਾਂ ਆਮ ਕਰਕੇ ਹਰ ਘਰ ਵਿੱਚ ਦਵਾਈਆਂ ਨਾਲ? ਭਰੇ ਲਿਫ਼ਾਫ਼ੇ ਜ਼ਰੂਰ ਮਿਲਣਗੇ। ਮੁੱਕਦੀ ਗੱਲ ਇਹ ਹੈ ਕਿ ਜੇਕਰ ਅਸੀਂ,ਆਪਣਾ ਪਰਿਵਾਰ ਤੇ ਨਵੀਂ ਪੀੜ੍ਹੀ ਨੂੰ ਸਿਹਤਮੰਦ ਤੇ ਤੰਦਰੁਸਤ ਰੱਖਣਾ ਹੈ ਤਾਂ ਬਜ਼ਾਰੀ ਖਾਣਿਆਂ ਨੂੰ ਆਪਣੀ ਜੀਵਨ ਸ਼ੈਲੀ ਵਿੱਚੋਂ ਹਰ ਹੀਲੇ ਘੱਟ ਜਾਂ ਮਨਫੀ ਕਰਨਾ ਹੋਵੇਗਾ। ਲੋਕ ਅੱਜ ਪੈਸੇ ਦੀ ਅੰਨ੍ਹੀ ਦੌੜ ਵਿੱਚ ਮੌਤ ਦੇ ਵਪਾਰੀ ਬਣ ਕੇ ਖੇਡ ਰਹੇ ਹਨ। ਮਾਇਆ ਦੇ ਲਾਲਚ ਵੱਸ ਲੋਕਾਂ ਨੂੰ ਬੀਮਾਰੀਆਂ ਵੰਡਣ ਵਿੱਚ ਕਿਸੇ ਤਰ੍ਹਾਂ ਦਾ ਵੀ ਗੁਰੇਜ਼ ਨਹੀਂ ਕਰਦੇ। ਬਹੁਤਾਤ ਬਜ਼ਾਰੀ ਚੀਜ਼ਾਂ ਗੁਣਵੱਤਾ ਦੀ ਕਸਵੱਟੀ 'ਤੇ ਖਰਾ ਨਹੀਂ ਉਤਰਦੀਆਂ। ਇਨ੍ਹਾਂ ਦੇ ਸੇਵਨ ਨਾਲ? ਆਦਮੀ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਚੰਗੇ ਤੇ ਸਿਹਤਮੰਦ ਸਮਾਜ ਲਈ ਲੋੜ ਹੈ ਆਪ ਅਤੇ ਹੋਰਨਾਂ ਨੂੰ ਜਾਗਰੂਕ ਕਰਨ ਦੀ। ਘਟੀਆ ਕਿਸਮ ਦੇ ਘਿਉ ਤੇ ਤੇਲਾਂ ਵਿੱਚ ਬਣੇ ਪਕਵਾਨਾਂ ਵੱਲ ਆਕਰਸ਼ਿਤ ਹੋਣ ਦੀ ਬਜਾਇ ਆਪਣੇ ਘਰਾਂ ਵਿੱਚ ਸਾਦੇ ਤੇ ਸ਼ੁੱਧ ਖਾਣੇ ਖਾਣ ਦੀ ਆਪਣੇ ਬੱਚਿਆਂ ਨੂੰ ਆਦਤ ਪਾਈਏ ਤਾਂ ਹੀ ਸਿਹਤਾਂ ਦਾ ਬਚਾ ਹੋ ਸਕਦਾ ਅਤੇ ਸਿਆਣਿਆਂ ਦੀ ਆਖੀ ਇਹ ਗੱਲ ਯਾਦ ਰੱਖੀਏ ਕਿ 'ਸਿਹਤ ਹੀ ਸਭ ਤੋਂ ਵੱਡੀ ਨਿਆਮਤ ਹੈ।'

# ਬਹੁਤ ਹੋ ਗਿਆ ਵਿਗਾੜ, ਬੱਸ ਹੁਣ ਸੰਭਲ ਜਾਉ

ਕਦੇ ਖੁੱਲ੍ਹੀ ਫਿਜ਼ਾ ਤੇ ਸ਼ੁੱਧ ਹਵਾ 'ਚ ਸਾਹ ਲੈਂਦਾ ਹੋਇਆ ਆਦਮੀ ਆਪਣੇ ਆਪ ਨੂੰ ਪੂਰਾ ਤੰਦਰੁਸਤ ਤੇ ਤਰੋਤਾਜ਼ਾ ਮਹਿਸੂਸ ਕਰਦਾ ਸੀ। ਅੱਜ ਹਵਾ ਪ੍ਰਦੂਸ਼ਿਤ ਹੋਣ ਨਾਲ ਤੰਦਰੁਸਤੀ ਮਨੁੱਖ ਦੇ ਜੀਵਨ ਵਿੱਚੋਂ ਗਾਇਬ ਹੁੰਦੀ ਜਾ ਰਹੀ ਹੈ। ਆਦਮੀ ਦੀ ਕਾਇਆ ਬੀਮਾਰੀਆਂ ਦਾ ਘਰ ਹੋ ਰਹੀ ਹੈ। ਇਹ ਖੁਦ ਆਦਮੀ ਦੇ ਪੈਦਾ ਕੀਤੇ ਵਿਗਾੜ ਹਨ ਜਿਨ੍ਹਾਂ ਦਾ ਨਤੀਜਾ ਉਹ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬੀਮਾਰੀਆਂ ਦੇ ਰੂਪ ਵਿੱਚ ਭੁਗਤ ਰਿਹਾ ਹੈ। ਮਨੁੱਖ ਜਦੋਂ ਤੋਂ ਆਪਣੇ ਆਪ ਨੂੰ ਆਧੁਨਿਕ ਸਮਝਣ ਲੱਗਿਆ ਹੈ। ਤਰ੍ਹਾਂ-ਤਰ੍ਹਾਂ ਦੀਆਂ ਖੋਜਾਂ ਕੀਤੀਆਂ ਹਨ। ਚੰਗੇਰੇ ਜੀਵਨ ਲਈ ਅਨੇਕਾਂ ਸਹੂਲਤਾਂ ਅਪਣਾਈਆਂ ਹਨ ਉਦੋਂ ਤੋਂ ਇਸ ਨੇ ਰੱਜ ਕੇ ਵਾਤਾਵਰਨ ਨੂੰ ਮਧੋਲਿਆ ਹੈ। ਬੜੀ ਨਿਰਦੈਤਾ ਨਾਲ ਇਸ ਹਰੀ ਭਰੀ ਧਰਤੀ ਨੂੰ ਆਧੁਨਿਕਤਾ ਦੇ ਨਾਂ 'ਤੇ ਉਜਾੜਿਆ ਹੈ। ਇਹ ਸਿਲਸਿਲਾ ਅਜੇ ਵੀ ਰੁਕਿਆ ਨਹੀਂ ਲਗਾਤਾਰ ਜਾਰੀ ਹੈ। ਇਸ ਨੇ ਕੁਦਰਤੀ ਫਿਜ਼ਾ ਨੂੰ ਉਜਾੜ ਕੇ ਕੰਕਰੀਟ ਦੀਆਂ ਦੀਵਾਰਾਂ ਖੜੀਆਂ ਕਰ ਲਈਆਂ ਹਨ ਜੋ ਤਨ-ਮਨ ਨੂੰ ਠੰਢਕ ਦੇਣ ਦੀ ਬਜਾਇ ਤਪਸ਼ ਹੀ ਪ੍ਰਦਾਨ ਕਰ ਰਹੀਆਂ ਹਨ। ਗਰਮੀ ਰੁੱਤ 'ਚੋਂ ਨਿਕਲ ਕੇ ਜਿਉਂ ਹੀ ਅਸੀਂ ਸਰਦੀ ਰੁੱਤ ਵਿੱਚ ਦਾਖਲ ਹੁੰਦੇ ਹਾਂ ਤਾਂ ਤਿਉਹਾਰਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਪਹਿਲਾਂ ਦੁਸਹਿਰਾ ਫਿਰ ਕੱਤਕ ਮਹੀਨੇ ਵਿੱਚ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਲੋਕਾਂ ਦੇ ਮਨਾਂ ਵਿੱਚ ਇਸ ਤਿਉਹਾਰ ਪ੍ਰਤੀ ਬੜਾ ਉਤਸ਼ਾਹ ਤੇ ਖੁਸ਼ੀ ਹੁੰਦੀ ਹੈ। ਬੜੇ ਚਾਵਾਂ ਨਾਲ ਇਸ ਦੀ ਸਭ ਨੂੰ ਉਡੀਕ ਹੁੰਦੀ ਹੈ। ਇਸੇ ਮਹੀਨੇ ਖੇਤਾਂ ਵਿੱਚ ਝੋਨੇ ਦੀ ਫਸਲ ਦੀ ਕਟਾਈ ਹੁੰਦੀ ਹੈ। ਖੇਤੀ ਨਾਲ ਜੁੜੇ ਹਰ ਕਿਸਾਨ ਨੂੰ ਆਪਣੀ ਫਸਲ ਦਾ ਵੀ ਤਿਉਹਾਰ ਜਿੰਨਾ ਹੀ ਚਾਅ ਹੁੰਦਾ ਹੈ। ਫਸਲ ਵੇਚ ਕੇ ਦੀਵਾਲੀ ਦੀਆਂ ਖੁਸ਼ੀਆਂ ਨੂੰ ਦੁੱਗਣਾ ਕਰਨ ਦੀ ਹਰ ਮਨ ਵਿੱਚ ਰੀਝ ਹੁੰਦੀ ਹੈ। ਆਪਣੀਆਂ ਖੁਸ਼ੀਆਂ, ਆਪਣੀਆਂ ਰੀਝਾਂ ਪੂਰੀਆਂ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਇਸ ਮਹੀਨੇ ਵਾਤਾਵਰਨ ਨਾਲ ਜੋ ਖਿਲਵਾੜ ਹੁੰਦਾ ਹੈ ਉਹ ਸ਼ਾਇਦ ਪੂਰੇ ਸਾਲ ਦੇ ਹੋਰ ਤਿਉਹਾਰਾਂ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ। ਫਸਲ ਦੀ ਕਟਾਈ ਤੋਂ ਬਾਅਦ ਬਚਦੀ ਰਹਿੰਦ ਖੂੰਹਦ (ਪਰਾਲੀ) ਨੂੰ ਅੱਗ ਦੇ ਭੇਂਟ ਕੀਤਾ ਜਾਂਦਾ ਹੈ, ਚਾਰੇ ਪਾਸੇ ਧੂੰਆਂ ਹੀ ਧੂੰਆਂ ਨਜ਼ਰ ਆਉਂਦਾ ਹੈ। ਦੂਸਰੇ ਪਾਸੇ ਦੀਵਾਲੀ 'ਤੇ ਅਸੀਂ ਹਰ ਸਾਲ ਇਸ ਤੋਂ ਪਹਿਲਾਂ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਦੇ ਹਾਂ ਕਿ ਦੀਵਾਲੀ 'ਤੇ ਪਟਾਕੇ ਨਹੀਂ ਚਲਾਉਣੇ, ਪ੍ਰਦੂਸ਼ਨ ਨਹੀਂ ਕਰਨਾ ਪਰ ਦੀਵਾਲੀ ਵਾਲੇ ਦਿਨ ਆਪਣੇ ਕੀਤੇ ਵਾਅਦੇ ਆਪ ਹੀ ਤੋੜ ਦਿੰਦੇ ਹਾਂ। ਚਾਰੇ ਪਾਸੇ ਬਾਰੂਦ ਦੀ ਗੰਧ ਤੇ ਧੂੰਏਂ ਦੇ ਗੁਬਾਰ ਚੜ੍ਹ ਜਾਂਦੇ ਹਨ। ਸਾਡੇ ਵੱਡੇ-ਵਡੇਰੇ , ਸਾਡੇ ਬਜ਼ੁਰਗ ਇਨ੍ਹਾਂ ਤਿਉਹਾਰਾਂ ਨੂੰ ਬੜੀ ਪਵਿੱਤਰਤਾ ਅਤੇ ਸਾਦਗੀ ਨਾਲ ਮਨਾਇਆ ਕਰਦੇ ਸਨ ਅਸੀਂ ਇਨ੍ਹਾਂ ਨੂੰ ਮਨਾਉਣ ਦਾ ਰੂਪ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ ਸਾਦਗੀ ਦੀ ਥਾਂ ਤੇ ਵਿਖਾਵਾ, ਚਮਕ-ਦਮਕ ਨੇ ਤਿਉਹਾਰਾਂ ਲਈ ਅਸਲੀ ਭਾਵਨਾ ਹੀ ਖਤਮ ਕਰ ਦਿੱਤੀ ਹੈ। ਦੂਸਰੇ ਪਾਸੇ ਖੇਤਾਂ ਵਿਚਲੀ ਪਰਾਲੀ ਦੀ ਅੱਗ ਤੋਂ ਉੱਠਿਆ ਜ਼ਹਿਰੀਲਾ ਧੂੰਆਂ ਆਪਣਾ ਆਤੰਕ ਫੈਲਾਉਂਦਾ ਹੈ ਜੋ ਹਾਦਸਿਆਂ ਤੇ ਬੀਮਾਰੀਆਂ ਦਾ ਕਾਰਨ ਬਣਦਾ ਹੈ। ਪਰਮਾਤਮਾ ਨੇ ਮਨੁੱਖ ਦੇ ਰੂਪ ਵਿੱਚ ਆਪਣਾ ਅੰਸ਼ ਇਸ ਧਰਤੀ 'ਤੇ ਭੇਜਿਆ ਸੀ ਕਿ ਉਹ ਇਸ ਨੂੰ ਖੂਬਸੂਰਤ ਬਣਾਵੇਗਾ ਪਰ ਇਸ ਨੇ ਤਾਂ ਪੂਰੀ ਕਾਇਨਾਤ ਨੂੰ ਉਜਾੜ ਕੇ ਰੱਖ ਦਿੱਤਾ ਹੈ। ਅੱਜ ਉਹ ਪ੍ਰਮਾਤਮਾ ਵੀ ਆਦਮੀ ਨੂੰ ਇਸ ਧਰਤੀ 'ਤੇ ਭੇਜ ਕੇ ਪਛਤਾਉਂਦਾ ਹੋਵੇਗਾ। ਹਵਾ,ਪਾਣੀ, ਮਿੱਟੀ ਸਭ ਨੂੰ ਇਸ ਮਨੁੱਖ ਨੇ ਆਧੁਨਿਕਤਾ ਦੇ ਨਾਂ 'ਤੇ ਹੱਦੋਂ ਵੱਧ ਪ੍ਰਦੂਸ਼ਿਤ ਕਰ ਦਿੱਤਾ ਹੈ। ਇਹ ਵਿਗਾੜ ਇੰਨਾ ਵਧ ਗਿਆ ਹੈ ਕਿ ਉਹ ਖੁਦ ਇਨ੍ਹਾਂ ਜ਼ਹਿਰਾਂ ਦਾ ਸ਼ਿਕਾਰ ਹੋ ਰਿਹਾ ਹੈ। ਕਦੇ ਹਰੀ ਭਰੀ ਬਨਸਪਤੀ, ਸ਼ੁੱਧ ਹਵਾ, ਨਿਰਮਲ ਪਾਣੀ, ਜਰਖੇਜ਼ ਭੂਮੀ ਇਨਸਾਨ ਦੇ ਨਿਬਾਹ ,ਉਸ ਦੇ ਤੰਦਰੁਸਤ ਸਰੀਰ ਅਤੇ ਮਨ ਦਾ ਅਧਾਰ ਸੀ ਜਿਸ ਦਾ ਜ਼ਿਕਰ ਸਾਡੇ ਪੁਰਾਤਨ ਗ੍ਰੰਥਾਂ ਵਿੱਚ ਮਿਲਦਾ ਹੈ, ਅਸੀਂ ਆਪਣੇ ਦਾਦਿਆਂ ਪੜਦਾਦਿਆਂ ਤੋਂ ਵੀ ਇਹ ਗੱਲਾਂ ਸੁਣਦੇ ਰਹੇ ਹਾਂ। ਵਿਕਾਸ ਦੇ ਨਾਂ 'ਤੇ ਸਾਡੇ ਕੋਲ਼ ਜੋ ਬੇਸ਼ਕੀਮਤੀ ਸੀ ਅਸੀਂ ਗਵਾ ਲਿਆ ਹੈ। ਧਰਤੀ ਹੇਠਲਾ ਪਾਣੀ ਖਾਤਮੇ 'ਤੇ ਪਹੁੰਚ ਗਿਆ ਹੈ।

ਲਾਭ ਸਿੰਘ ਸ਼ੇਰਗਿੱਲ ਬਡਰੁੱਖਾਂ 86995 35708

# ਬਾਹਰੀ ਕੁੜੀ

ਬਰਜਿੰਦਰ ਕੌਰ ਬਿਸਰਾਓ
9988901324

ਸੰਦੀਪ ਆਪਣੇ ਪਰਿਵਾਰ ਦਾ ਸਭ ਤੋਂ ਛੋਟਾ ਮੁੰਡਾ ਸੀ।ਉਸ ਦਾ ਇੱਕ ਵੱਡਾ ਭਰਾ ਅਤੇ ਇੱਕ ਵੱਡੀ ਭੈਣ ਸੀ ਜੋ ਵਿਆਹੇ ਹੋਏ ਸਨ।ਉਸ ਦੇ ਪਿਤਾ ਜੀ ਬਿਜਲੀ ਮਹਿਕਮੇ ਵਿੱਚੋਂ ਰਿਟਾਇਰ ਹੋ ਕੇ ਵਿਹਲੇ ਸਨ।ਉਸ ਦੀ ਵੱਡੀ ਭਰਜਾਈ ਸੁਭਾਅ ਪੱਖੋਂ ਬਹੁਤ ਨਰਮ ਸੀ।ਇਸੇ ਲਈ ਤਾਂ ਉਸ ਦੀ ਆਪਣੀ ਸੱਸ ਨਾਲ ਬਹੁਤ ਬਣਦੀ ਸੀ।ਘਰ ਦੇ ਸਾਰੇ ਕੰਮ ਦੋਵੇਂ ਆਪਸੀ ਸਲਾਹ ਮਸਵਰਾ ਕੀਤੇ ਬਿਨਾਂ ਨਹੀ ਕਰਦੀਆਂ ਸਨ।ਸਾਰਾ ਪਰਿਵਾਰ ਬਹੁਤ ਖੁਸਹਾਲ ਪਰਿਵਾਰ ਸੀ।ਸੰਦੀਪ ਨੇ ਵੀ ਗ੍ਰੈਜੂਏਸਨ ਕਰਕੇ ਪੋਸਟ ਗ੍ਰੈਜੂਏਸਨ ਕਰਨ ਲਈ ਕਾਲਜ ਵਿੱਚ ਦਾਖਲਾ ਲੈ ਲਿਆ ਸੀ।ਛੋਟਾ ਹੋਣ ਕਰਕੇ ਸਾਰਿਆਂ ਨੂੰ ਉਸ ਦੇ ਵਿਆਹ ਦੇ ਦਿਨ ਦੀ ਉਡੀਕ ਸੀ।ਜਦ ਵੀ ਕੋਈ ਰਿਸਤੇ ਦੀ ਗੱਲ ਚੱਲਦੀ ਤਾਂ ਉਹ ਇੱਕੋ ਗੱਲ ਆਖਦਾ ਕਿ ਉਹ ਤਾਂ ਬਾਹਰਲੀ ਕੁੜੀ ਨਾਲ ਹੀ ਵਿਆਹ ਕਰਵਾਏਗਾ।ਇਸ ਗੱਲ ਦੀ ਤਾਂ ਉਸ ਨੇ ਜ਼ਿੱਦ ਹੀ ਫੜ ਲਈ ਸੀ ਕਿ ਉਸ ਲਈ ਸਿਰਫ ਬਾਹਰਲੀ ਕੁੜੀ ਦਾ ਰਿਸਤਾ ਹੀ ਲੱਭਿਆ ਜਾਵੇ।

ਹੁਣ ਸੰਦੀਪ ਦੀ ਪੋਸਟ ਗ੍ਰੈਜੂਏਸਨ ਮੁਕੰਮਲ ਹੋ ਚੁੱਕੀ ਸੀ।ਉਹ ਸਰਕਾਰੀ ਨੌਕਰੀ ਲਈ ਹੱਥ ਪੈਰ ਮਾਰਦਾ ਪਰ ਕਿਤੇ ਵੀ ਗੱਲ ਨਾ ਬਣਦੀ।ਪ੍ਰਾਈਵੇਟ ਨੌਕਰੀ ਕੋਈ ਢੰਗ ਦੀ ਨਹੀਂ ਮਿਲਦੀ ਸੀ। ਇੱਕ ਦਿਨ ਦੂਰ ਦੀ ਕਿਸੇ ਰਿਸਤੇਦਾਰੀ ਵਿੱਚ ਕੁੜੀ ਬਾਹਰੋਂ ਆਈ ਸੀ ਉਸ ਦਾ ਰਿਸਤਾ ਸੰਦੀਪ ਲਈ ਆਇਆ ਤਾਂ ਉਸ ਨੇ ਬਿਨਾਂ ਕੁਝ ਪੁੱਛੇ ਜਾਣੇ ਆਪਣੀ ਮਾਂ ਨੂੰ ਕਿਹਾ,"ਮੰਮੀ,ਜੇ ਇੱਥੇ ਗੱਲ ਬਣਦੀ ਹੈ ਤਾਂ ਮੇਰੇ ਵੱਲੋਂ ਹਾਂ ਹੀ ਸਮਝੋ।"ਉਸ ਦੀ ਮਾਂ ਨੇ ਵਿਚੋਲਣ ਨੂੰ ਬੁਲਾ ਕੇ ਗੱਲ ਬਾਤ ਸੁਰੂ ਕੀਤੀ।ਕੁੜੀ ਤਾਂ ਬਹੁਤ ਸੋਹਣੀ ਸੀ ਪਰ ਸੰਦੀਪ ਨਾਲੋਂ ਉਮਰ ਵਿੱਚ ਵੱਡੀ ਲੱਗਦੀ ਸੀ।ਦੇਖ ਦਿਖਾਈ ਤੋਂ ਬਾਅਦ ਸਗਨ ਵੀ ਹੋ ਗਿਆ।ਦਸ ਦਿਨ ਦੇ ਅੰਦਰ-ਅੰਦਰ ਵਿਆਹ ਵੀ ਹੋ ਗਿਆ।ਸਾਰੇ ਬਹੁਤ ਹੀ ਖੁਸ ਸਨ।ਬਾਹਰਲੀ ਕੁੜੀ ਨਾਲ ਵਿਆਹ ਹੁੰਦੇ ਸਾਰ ਸਾਰੇ ਬਾਹਰ ਜਾਣ ਦੇ ਸੁਪਨੇ ਵੇਖਣ ਲੱਗੇ।ਨਵੀਂ ਵਹੁਟੀ ਨੂੰ ਦੇਖ ਕੇ ਸਾਰੇ ਬਹੁਤ ਖੁਸ ਸਨ ਪਰ ਉਸ ਦਾ ਨਖਰਾ ਬਹੁਤ ਉੱਚਾ ਸੀ।ਉਹ ਬਹੁਤਾ ਸਮਾਂ ਆਪਣੇ ਕਮਰੇ ਵਿੱਚ ਹੀ ਬੈਠੀ ਰਹਿੰਦੀ ਜਾਂ ਫਿਰ ਸਾਮ ਨੂੰ ਆਪਣੇ ਪਤੀ ਨਾਲ ਬਾਹਰ ਘੁੰਮਣ ਚਲੀ ਜਾਂਦੀ।

ਵਿਆਹ ਤੋਂ ਕੁਝ ਦਿਨ ਬਾਦ ਉਹ ਇੱਕ ਦਿਨ ਸੰਦੀਪ ਨਾਲ ਆਪਣੇ ਕਮਰੇ ਵਿੱਚ ਬੈਠੀ ਸੀ।ਉਸ ਦੀ ਸੱਸ ਨੇ ਰੋਟੀ ਫੜਾਉਣ ਲਈ ਦਰਵਾਜਾ ਖੜਕਾਇਆ ਤੇ ਰੋਟੀ ਦੀ ਥਾਲੀ ਲੈ ਕੇ ਅੰਦਰ ਆ ਗਈ।ਸੱਸ ਨੂੰ ਦੇਖਦੇ ਸਾਰ ਉਸ ਨੂੰ ਗੁੱਸਾ ਚੜ੍ਹ ਗਿਆ ਤੇ ਬੋਲੀ, "ਮੰਮੀ ਜੀ ਤੁਹਾਨੂੰ ਐਨੀ ਵੀ ਅਕਲ ਨਹੀਂ ਅਸੀਂ ਆਪਣੇ ਕਮਰੇ ਵਿਚ ਬੈਠੇ ਹਾਂ, ਤੁਸੀਂ ਮੂੰਹ ਚੁੱਕ ਕੇ ਸਾਡੇ ਕਮਰੇ ਵੱਲ ਆ ਗਏ ਹੋ, ਜੇ ਸਾਨੂੰ ਲੋੜ ਹੋਊਗੀ ਆਪੇ ਆ ਕੇ ਖਾ ਲਵਾਂਗੇ।" ਨਹੋਰਾ ਮਾਰਦੇ ਹੋਏ ਬੋਲੀ, "ਐਨੀ ਅਕਲ ਵੀ ਨਹੀਂ ਇੰਡੀਆ ਦੇ ਲੋਕਾਂ ਨੂੰ।"

"ਨੀ ਧੀਏ ਮੈਂ ਸੋਚਿਆ ਭੁੱਖ ਲੱਗੀ ਹੋਊਗੀ, ਮੈਂ ....ਤਾਂ ਲੈ ਆਈ ਰੋਟੀ, ਨਾਲੇ ਸੰਦੀਪ ਨੂੰ ਤਾਂ ਐਸ ਵੇਲੇ ਨੂੰ ਭੁੱਖ ਲੱਗ ਜਾਂਦੀ ਆ।" ਸੰਦੀਪ ਦੀ ਮਾਂ ਨੇ ਕਿਹਾ।

"ਮੈਂ ਸੰਦੀਪ ਦੀ ਪਤਨੀ ਹਾਂ ਮੇਰੇ ਨਾਲੋਂ ਜ਼ਿਆਦਾ ਤੁਸੀਂ ਨਹੀਂ ਜਾਣਦੇ ਉਸਨੂੰ," ਸੰਦੀਪ ਦੀ ਪਤਨੀ ਜੈਸਮੀਨ ਚੀਖ ਕੇ ਗੁੱਸੇ ਨਾਲ ਬੋਲੀ।

ਕੋਲ ਬੈਠੇ ਸੰਦੀਪ ਨੇ ਆਪਣੀ ਪਤਨੀ ਨੂੰ ਠਰ੍ਹੰਮੇ ਨਾਲ ਕਿਹਾ,"ਜੈਸਮੀਨ, ਮੰਮੀ ਜੀ ਸਾਹਮਣੇ ਇਸ ਤਰ੍ਹਾਂ ਥੋੜ੍ਹੇ ਬੋਲੀਦਾ ਹੈ, ਉਹ ਵੱਡੇ ਹਨ, ਉਹ ਆਪਣੇ ਲਈ ਖਾਣਾ ਹੀ ਤਾਂ ਲੈ ਕੇ ਆਏ ਨੇ, ਇਹਦੇ ਵਿਚ ਏਨੀ ਨਾਰਾਜਗੀ ਵਾਲੀ ਕਿਹੜੀ ਗੱਲ ਹੈ ?"

"ਤੁਸੀਂ ਵੀ ਮੈਨੂੰ ਮਾੜਾ ਬਣਾਉਣ ਲੱਗੇ ਹੋ , ਸੰਦੀਪ ਮੈਨੂੰ ਇਹ ਬਦਤਮੀਜੀਆਂ ਬਿਲਕੁਲ ਪਸੰਦ ਨਹੀਂ। ਤੂੰ ਆਪਣੀ ਮਾਂ ਦਾ ਪੱਖ ਲੈ ਰਿਹਾ ਹੈਂ ?ਆਈ ਡੌਂਟ ਲਾਈਕ ਇਟ.......ਯੂ.....ਟਿਪੀਕਲ ਇੰਡੀਅਨ ਹਸਬੈਂਡ....." ਜੈਸਮੀਨ ਗੁੱਸੇ ਵਿੱਚ ਉੱਚੀ ਬੋਲੀ। ਉੱਧਰੋਂ ਸੰਦੀਪ ਦੇ ਭਾਬੀ ਤੇ ਭਰਾ ਜੈਸਮੀਨ ਦੀ ਉੱਚੀ ਆਵਾਜ ਸੁਣ ਕੇ ਭੱਜੇ ਆਏ ਤੇ ਕਾਰਨ ਪੁੱਛਣਾ ਚਾਹਿਆ।

ਸੰਦੀਪ ਤੇ ਉਸ ਦੀ ਮਾਂ ਗੱਲ ਤੇ ਪਰਦਾ ਪਾਉਣ ਲਈ ਇਕਦਮ ਇਕੱਠੇ ਬੋਲੇ," ਕੁਛ ਨਹੀਂ... ਕੁਛ ਨਹੀਂ।"

ਜੈਸਮੀਨ ਵਿੱਚੋਂ ਟੋਕ ਕੇ ਬੋਲੀ ,"ਕੀ ਕੁਝ.... ਨਹੀਂ ,ਕੁਝ ਨਹੀਂ.... ਇਹ ਕੋਈ ਜ਼ਿੰਦਗੀ ਹੈ ....ਮੈਂ ਨਹੀਂ ਰਹਿ ਸਕਦੀ ਇਸ ਘਰ ਵਿੱਚ..... ਕੋਈ ਪ੍ਰਾਈਵੇਸੀ ਨਾਂ ਦੀ ਚੀਜ ਹੀ ਨਹੀਂ....... ਇਹਨਾਂ ਦੀ ਕਸਰ ਸੀ ਆਉਣ ਦੀ.... ਇਹ ਘਰ ਨਹੀਂ ਚਿੜੀਆਘਰ ਹੈ।"

ਸੰਦੀਪ ਤੋਂ ਸਾਰਿਆਂ ਦੀ ਬੇਇੱਜਤੀ ਸਹਾਰੀ ਨਾ ਗਈ ਕਿਉਂਕਿ ਇਸ ਤਰ੍ਹਾਂ ਦੀ ਘਟਨਾ ਉਹਨਾਂ ਦੇ ਘਰ ਵਿੱਚ ਪਹਿਲੀ ਵਾਰ ਵਾਪਰ ਰਹੀ ਸੀ।ਉਹ ਆਪਣੇ ਆਪ ਨੂੰ ਪਤੀ ਦੇ ਹੱਕ ਨਾਲ ਉਸ ਨੂੰ ਚੁੱਪ ਕਰਾਉਣ ਲਈ ਇੱਕ ਦਮ ਉੱਚੀ ਬੋਲਿਆ,"ਜੈਸਮੀਨ..... ਚੁੱਪ ਕਰ ਜਾ।"

ਜੈਸਮੀਨ ਵਿਚੋਂ ਟੋਕ ਕੇ ਆਪਣੀ ਉਂਗਲ ਸੰਦੀਪ ਤੇ ਉਠਾ ਕੇ, ਇਕਦਮ ਬੋਲੀ ,"ਯੂ ਸੱਟ ਅੱਪ.......... ਮੈਂ ਨਹੀਂ ਰਹਿ ਸਕਦੀ ਇਸ ਚਿੜੀਆਘਰ ਵਿੱਚ.... ਮੈਂ ਆਪਣੇ ਬਰਦਰ ਨੂੰ ਫੋਨ ਕਰਦੀ ਹਾਂ," ਜੈਸਮੀਨ ਫੋਨ ਚੁੱਕ ਕੇ ਨੰਬਰ ਮਿਲਾਉਣ ਲੱਗੀ ਤਾਂ ਸੰਦੀਪ ਨੇ ਉਸ ਤੋਂ ਫੋਨ ਨਾ ਕਰਨ ਤੋਂ ਰੋਕਣ ਲਈ ਫੋਨ ਖੋਹਣ ਲੱਗਿਆ ਤਾਂ ਉਸ ਨੇ ਹੋਰ ਵੱਡੀ ਗੱਲ ਬਣਾ ਦਿੱਤੀ," ਤੂੰ ਮੈਨੂੰ ਮਾਰ ਰਿਹਾਂ.... ?ਤੇਰੀ ਐਨੀ ਹਿੰਮਤ..... ਤੂੰ ਮੇਰੇ ਕੋਲੋਂ ਫੋਨ ਕਿਉਂ ਖੋਹਿਆ........?" ਜੈਸਮੀਨ ਦਾ ਗੁੱਸਾ ਸੱਤਵੇਂ ਅਸਮਾਨ ਤੇ ਸੀ। ਸੰਦੀਪ ਨੇ ਠੰਡਾ ਹੋ ਕੇ ਪਿਆਰ ਨਾਲ ਕਿਹਾ ," ਜੈਸਮੀਨ..ਗੁੱਸਾ ਠੰਡਾ ਕਰ।"

ਸੰਦੀਪ ਦੀ ਮਾਂ ਬੋਲੀ," ਧੀਏ ਘਰਾਂ ਵਿੱਚ ਤਾਂ ਵੱਡੀਆਂ ਵੱਡੀਆਂ ਗੱਲਾਂ ਹੋ ਜਾਂਦੀਆਂ, ਪੇਕਿਆਂ ਨੂੰ ਥੋੜ੍ਹਾ ਦੱਸੀਦੀ ਆ ਨਿੱਕੀ ਨਿੱਕੀ ਗੱਲ.... ਮੈਂ ਤੈਨੂੰ ਸੌਰੀ ਕਹਿੰਦੀ ਆਂ।" ਕਹਿਕੇ ਉਹ ਉਸ ਨੂੰ ਲਾਡ ਨਾਲ ਜੱਫੀ ਵਿੱਚ ਲੈਣ ਲੱਗੀ ਤਾਂ ਉਸ ਨੇ ਮੰਮੀ ਦੀਆਂ ਬਾਹਾਂ ਗੁੱਸੇ ਨਾਲ ਪਰਾਂ ਪਟਕਾ ਮਾਰਿਆ।



ਸੰਦੀਪ ਦੇ ਭਰਾ- ਭਰਜਾਈ ਵੀ ਜੈਸਮੀਨ ਨੂੰ ਸਮਝਾਉਣ ਲਈ ਕੁਝ ਬੋਲਣ ਹੀ ਲੱਗੇ ਸੀ ਕਿ ਉਹ ਉਹਨਾਂ ਨੂੰ ਅੱਖਾਂ ਕੱਢ ਕੇ ਗੁੱਸੇ ਨਾਲ ਬੋਲੀ," ਹੂ ਆਰ ਯੂ ਟੂ ਇੰਟਰਫੇਅਰ.....(ਤੁਸੀਂ ਕੌਣ ਹੋ ਦਖਲ ਦੇਣ ਵਾਲੇ)" ....ਉਹ ਉਸੇ ਸਮੇਂ ਚੁੱਪ ਕਰ ਗਏ।

ਸੰਦੀਪ ਤੋਂ ਆਪਣਾ ਫੋਨ ਖੋਹ ਕੇ ਆਪਣੇ ਭਰਾਵਾਂ ਨੂੰ ਫੋਨ ਕਰ ਦਿੱਤਾ ਤੇ ਦੋ ਕੁ ਘੰਟੇ ਬਾਅਦ ਉਸ ਦੇ ਭਰਾ ਆ ਗਏ।ਉਹ ਬਲੈਕ ਕਮਾਂਡੋ ਵਾਂਗ ਫੂੰ ਫੂੰ ਕਰਦੇ ਦਗੜ ਦਗੜ ਕਰਦੇ ਅੰਦਰ ਆ ਵੜੇ।ਉਹ ਵੀ ਆਪਣੀ ਕੁੜੀ ਨੂੰ ਅਕਲ ਦੇਣ ਦੀ ਥਾਂ ਸੰਦੀਪ ਤੇ ਉਸ ਦੇ ਪਰਿਵਾਰ ਦੀ ਬੇਜਤੀ ਕਰਨ ਲੱਗੇ।ਜੋ ਅਬਾ ਤਬਾ ਬੋਲ ਸਕਦੇ ਸੀ ਉਹ ਬੋਲੇ।ਜੈਸਮੀਨ ਆਪਣਾ ਸਾਰਾ ਸਮਾਨ ਦੋ ਵੱਡੇ ਵੱਡੇ ਸੂਟ ਕੇਸਾਂ ਵਿੱਚ ਭਰ ਕੇ ਉਹਨਾਂ ਨਾਲ ਚਲੀ ਗਈ।

ਸੰਦੀਪ ਅਤੇ ਉਸ ਦੇ ਪਰਿਵਾਰ ਨੇ ਜੈਸਮੀਨ ਅਤੇ ਉਸ ਦੇ ਪਰਿਵਾਰ ਨੂੰ ਫੋਨ ਕਰ ਕਰ ਕੇ,ਬਚੋਲਿਆਂ ਨੂੰ ਭੇਜ ਕੇ , ਪੰਚਾਇਤ ਦੇ ਰਾਹੀਂ ਉਹਨਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕਿੱਥੇ....। ਆਖਿਰ ਉਹ ਵਾਪਸ ਵਿਦੇਸ ਵੀ ਚਲੀ ਗਈ। ਸੰਦੀਪ ਨੇ ਉਸ ਨੂੰ ਕਈ ਵਾਰ ਫੋਨ ਕੀਤਾ ਪਰ ਉਸ ਨੇ ਕਦੇ ਕੋਈ ਜਵਾਬ ਨਾ ਦਿੱਤਾ। ਸੰਦੀਪ ਦਾ ਇੱਕ ਦੋਸਤ ਜੋ ਉਸੇ ਦੇਸ ਵਿੱਚ ਰਹਿੰਦਾ ਸੀ ਉਸ ਨੂੰ ਸਮਝੌਤਾ ਕਰਵਾਉਣ ਲਈ ਜੈਸਮੀਨ ਕੋਲ ਜਾ ਕੇ ਗੱਲ ਕਰਨ ਲਈ ਕਿਹਾ ਤਾਂ ਸੰਦੀਪ ਦੇ ਪੈਰਾਂ ਹੇਠੋਂ ਜਮੀਨ ਨਿਕਲ ਗਈ ਜਦ ਉਸ ਨੇ ਦੱਸਿਆ ਕਿ ਉਹ ਤਾਂ ਪਹਿਲਾਂ ਹੀ ਤਿੰਨ ਸਾਲ ਤੋਂ ਉੱਥੇ ਕਿਸੇ ਹੋਰ ਮੁੰਡੇ ਨਾਲ ਰਹਿ ਰਹੀ ਸੀ ਉਹ ਮੁੰਡਾ ਉਸ ਦੇ ਨਾਲ ਹੀ ਨੌਕਰੀ ਕਰਦਾ ਹੈ।

ਉਸ ਦੇ ਪੇਕੇ ਪਰਿਵਾਰ ਵੱਲੋਂ ਸੰਦੀਪ ਅਤੇ ਉਸ ਦੇ ਸਾਰੇ ਪਰਿਵਾਰ ਉੱਪਰ ਦਾਜ ਲਈ ਤੰਗ ਕਰਨ ਅਤੇ ਕੁੜੀ ਨੂੰ ਕੁੱਟ ਮਾਰਕੇ ਘਰੋਂ ਕੱਢਣ ,ਦਸ ਲੱਖ ਰੁਪਏ ਦਹੇਜ ਦੱਬਣ ਅਤੇ ਹੋਰ ਪਤਾ ਨਹੀਂ ਕੀ ਕੀ ਧਾਰਾਵਾਂ ਲਾ ਕੇ ਕੇਸ ਕਰ ਦਿੱਤਾ।ਸੰਦੀਪ,ਉਸ ਦੀ ਮਾਂ,ਭਰਾ , ਭਰਜਾਈ,ਭੈਣ , ਭਣੋਈਆ ਸਾਰਿਆਂ ਦੇ ਨਾਂ ਲਿਖਵਾ ਦਿੱਤੇ ਗਏ। ਸੰਦੀਪ ਦੇ ਪਰਿਵਾਰ ਵੱਲੋਂ ਸਮਝੌਤਾ ਕਰਨ ਲਈ ਬਹੁਤ ਮਿੰਨਤਾਂ ਤਰਲੇ ਕੀਤੇ ਗਏ।ਪਰ ਸਰੀਫ ਪਰਿਵਾਰ ਜਾਂ ਮੁੰਡੇ ਵਾਲੇ ਹੋਣ ਕਰਕੇ ਉਹਨਾਂ ਦੀ ਕਿਤੇ ਸੁਣਵਾਈ ਨਹੀਂ ਹੋਈ।ਦੋ ਸਾਲ ਕੇਸ ਚੱਲਣ ਤੋਂ ਬਾਅਦ ਕੋਰਟ ਨੇ ਸੰਦੀਪ ਨੂੰ ਕੁੜੀ ਵਾਲਿਆਂ ਨੂੰ ਦਹੇਜ ਦਾ ਦਸ ਲੱਖ ਰੁਪਏ ਦੇਣ ਅਤੇ ਸੰਦੀਪ ਅਤੇ ਉਸ ਦੇ ਮਾਂ-ਬਾਪ ਨੂੰ ਸੱਤ ਸਾਲ ਦੀ ਸਜਾ ਸੁਣਾ ਦਿੱਤੀ। ਸੰਦੀਪ ਕੋਰਟ ਵਿੱਚ ਖੜ੍ਹਾ ਖੜ੍ਹਾ ਆਪਣੇ ਪਰਿਵਾਰ ਦੇ ਸਾਰੇ ਜੀਆਂ ਦੇ ਪੈਰਾਂ ਵਿੱਚ ਡਿੱਗ ਕੇ ਧਾਹਾਂ ਮਾਰ ਮਾਰ ਕੇ ਉੱਚੀ ਉੱਚੀ ਰੋਣ ਲੱਗਿਆ ਤੇ ਕਹਿ ਰਿਹਾ ਸੀ," ਮੈਨੂੰ ਸਾਰੇ ਮਾਫ ਕਰ ਦਿਓ... ਤੁਹਾਨੂੰ ਮੇਰੀ ਨਿੱਕੀ ਜਿਹੀ ਜ਼ਿੱਦ ਦੀ ਸਜਾ ਮਿਲ ਰਹੀ ਹੈ,ਉਸ ਦਾਜ ਦੀ ਸਜਾ ਜੋ ਨਾ ਲਿਆ ਹੈ ਤੇ ਨਾ ਕਦੇ ਮੰਗਿਆ ਹੈ। ਮੈਨੂੰ ਨਹੀਂ ਚਾਹੀਦੀ ਇਹੋ ਜਿਹੀ ਬਾਹਰਲੀ ਕੁੜੀ........।"

# ਕੁਦਰਤ ਨਾਲ ਖਿਲਵਾੜ

ਉਤਰਾਖੰਡ ਦੇ ਪ੍ਰਮੁੱਖ ਤੀਰਥ ਅਸਥਾਨ ਜੋਸੀਮੱਠ 'ਚ ਕਈ ਥਾਵਾਂ ਤੋਂ ਜਮੀਨ ਖਿਸਕਣ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਬੇਘਰ ਹੋਣਾ ਪਿਆ ਹੈ। ਜ਼ਿਲ੍ਹਾ ਪ੍ਰਸਾਸਨ ਵੱਲੋਂ ਇਸ ਖੇਤਰ ਨੂੰ ਆਫਤ ਗ੍ਰਸਤ ਖੇਤਰ ਐਲਾਨਿਆ ਗਿਆ ਹੈ। ਹੈਰਾਨੀਜਨਕ ਤਸਵੀਰਾਂ ਦੱਸ ਰਹੀਆਂ ਹਨ ਕਿ ਇਸ ਖੇਤਰ ਵਿੱਚ ਥਾਂ ਥਾਂ ਤੇ ਜਮੀਨ ਵਿੱਚ ਦਰਾਰਾਂ ਪੈ ਗਈਆਂ ਹਨ। ਇਕ ਇਨਸਾਨ ਇੰਨੀ ਮਿਹਨਤ ਕਰਕੇ ਆਪਣਾ ਘਰ ਬਣਾਉਂਦਾ ਹੈ। ਆਪਣੀ ਛੱਤ ਹੁੰਦੀ ਹੈ।ਕਿੰਨਾ ਉਸ ਨੂੰ ਫਕਰ ਹੁੰਦਾ ਹੈ।ਕਿਨੇਂ ਅਰਮਾਨ ਹੁੰਦੇ ਹਨ ਕਿ ਮੇਰਾ ਘਰ ਬਣ ਗਿਆ। ਬੇਵੱਸ ਹੋ ਕੇ ਹੀ ਇਨਸਾਨ ਨੂੰ ਅਜਿਹੇ ਹਲਾਤਾਂ ਵਿੱਚ ਫਿਰ ਆਪਣੀ ਜਾਨ ਦੀ ਰਾਖੀ ਲਈ ਘਰ-ਬਾਰ ਛੱਡਣੇ ਪੈਂਦੇ ਹਨ। ਚਾਹੇ ਇਨ੍ਹਾਂ ਬੇਘਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਜਾਣ ਲਈ ਕਿਹਾ ਗਿਆ ਹੈ ,ਪਰ ਇਨ੍ਹਾਂ ਦਾ ਦਿਲ ਘਰ ਛੱਡਣ ਨੂੰ ਮਜਬੂਰ ਨਹੀਂ ਕਰ ਰਿਹਾ ਸੀ।ਚੇਤੇ ਕਰਵਾ ਦੇਈਏ ਕਿ 2012 ਵਿਚ ਉਤਰਾਖੰਡ ਖੇਤਰ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਬਹੁਤ ਨੁਕਸਾਨ ਹੋਇਆ ਸੀ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ ਹੈ। ਨਿਕਾਸੀ ਬਿਲਕੁੱਲ ਵੀ ਨਹੀਂ ਰਹੀ। ਗੱਡੀਆਂ ਦੀ ਗੱਡੀਆਂ ਹੜਾਂ ਵਿੱਚ ਰੁੜ ਗਈਆਂ ਸਨ। ਇਨਸਾਨ ਫ਼ਿਰ ਵੀ ਨਹੀਂ ਸਭਲਿਆ।ਮਨੁੱਖ ਦੀ ਦਖਲ-ਅੰਦਾਜੀ ਲਗਾਤਾਰ ਵੱਧਦੀ ਜਾ ਰਹੀ ਹੈ। ਪੈਸੇ ਦੀ ਹੋੜ ਲਗਾਤਾਰ ਵੱਧ ਰਹੀ ਹੈ। ਪਹਾੜੀ ਖੇਤਰਾਂ ਨੂੰ ਕੱਟ ਕੇ ਵੱਡੇ ਵੱਡੇ ਹੋਟਲ ਬਣਾਏ ਜਾ ਰਹੇ ਹਨ ।ਆਬਾਦੀ ਵੱਧ ਗਈ ਹੈ।ਨਿੱਜੀ ਸੁਆਰਥਾਂ ਖਾਤਰ ਪਹਾੜਾਂ ਅਤੇ ਦਰੱਖਤਾਂ ਦੀ ਕਟਾਈ ਤੇ ਲਗਾਤਾਰ ਉਸਾਰੇ ਜਾ ਰਹੇ ਵੱਡੇ ਹੋਟਲ, ਚੌੜੀਆਂ ਸੜਕਾਂ, ਰੇਲਵੇ ਲਾਈਨਾਂ ਦਾ ਵਿਸਥਾਰ ਜਮੀਨ ਧੱਸਣ ਦਾ ਮੁੱਖ ਕਾਰਨ ਹਨ। ਸੀਵਰੇਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਾਰਨ ਧਰਤੀ ਹੇਠਾਂ ਰਿੱਸਣ ਵਾਲੇ ਪਾਣੀ ਨੇ ਇਸ ਖੇਤਰ 'ਚ ਇਸ ਸਮੱਸਿਆ ਨੂੰ ਵਧਾਇਆ ਹੈ। ਦਿਨ-ਪ੍ਰਤਿਦਿਨ ਹਾਲਾਤ ਚਿੰਤਾ ਵਾਲੇ ਹੁੰਦੇ ਜਾ ਰਹੇ ਹਨ। ਜਮੀਨ ਖਿਸਕਣ ਨਾਲ ਪ੍ਰਭਾਵਿਤ ਲੋਕਾਂ ਨੂੰ ਬਜਾਰ ਦੀ ਕੀਮਤ ਦੇ ਹਿਸਾਬ ਨਾਲ ਮੁਆਵਜਾ ਦਿੱਤਾ ਜਾਵੇਗਾ। ਲੋਕਾਂ ਨੂੰ ਸੁਰੱਖਿਅਤ ਸਥਾਨਾਂ ਤੇ ਠਹਿਰਾਇਆ ਜਾ ਰਿਹਾ ਹੈ। ਕੁਝ ਹੀ ਦਿਨਾਂ ਪਹਿਲੇ ਹਿਮਾਚਲ ਪ੍ਰਦੇਸ ਦੇ ਮੈਕਲੋਡਗੰਜ ਵਿੱਚ ਵੀ ਕੁੱਝ ਹਿੱਸਾ ਖਿਸਕ ਗਿਆ ਸੀ। ਚੇਤੇ ਕਰਵਾ ਦੇਈਏ ਕਿ ਜਿੰਨੇ ਵੀ ਪੜਾਈ ਖੇਤਰ ਹਨ, ਵੱਡੇ ਪੈਮਾਨੇ ਤੇ ਨਜਾਇਜ ਉਸਾਰੀਆਂ ਹੋ ਰਹੀਆਂ ਹਨ।ਮਾਈਨਿੰਗ ਵੱਧ ਗਈ ਹੈ। ਅਫਸਰਾਂ ਦੀ ਮਿਲੀਭੁਗਤ ਨਾਲ ਇਹ ਗੋਰਖ ਧੰਦੇ ਚੱਲ ਰਹੇ ਹਨ। ਭ੍ਰਿਸਟਾਚਾਰ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਅਜੇ ਵੀ ਸੰਭਲਣ ਦਾ ਵੇਲਾ ਹੈ। ਗਰਮੀਆਂ ਵਿਚ ਸੈਲਾਨੀ ਪਹਾੜੀ ਖੇਤਰਾਂ ਵਿੱਚ ਸੈਰ ਸਪਾਟੇ ਲਈ ਜਾਂਦੇ ਹਨ। ਸਰਕਾਰ ਦੀ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਕੁਦਰਤੀ ਸੋਮਿਆਂ ਵੱਲ ਵਿਸੇਸ ਧਿਆਨ ਦੇਣ ਦੀ ਲੋੜ ਹੈ। ਤਾਂ ਜੋ ਕੁਦਰਤ ਨੂੰ ਢਹਿ ਢੇਰੀ ਹੋਣ ਤੋਂ ਬਚਾਇਆ ਜਾ ਸਕੇ। ਕੁਦਰਤ ਹੀ ਰੱਬ ਹੈ।

**ਸੰਜੀਵ ਸਿੰਘ ਸੈਣੀ,**
**ਮੋਹਾਲੀ 7888966168**

# ਬੇਟੀ ਦਾ ਜਨਮ

ਜਨਵਰੀ ਦੇ ਮਹੀਨੇ ਉਸ ਦਿਨ (18 ਜਨਵਰੀ) ਬੜੀ ਠੰਢੀ ਹਵਾ ਚੱਲ ਰਹੀ ਸੀ। ਸਵੇਰ ਵੇਲੇ ਕਰੀਬ ਚਾਰ ਕੁ ਵਜੇ ਮੈਂ ਆਪਣੀ ਪਤਨੀ ਨੂੰ ਸਕੂਟਰ ਤੇ ਬਿਠਾ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ (ਮੈਂ ਉਦੋਂ ਪਤਨੀ ਦੇ ਨਾਲ ਯੂਨੀਵਰਸਿਟੀ 'ਚ ਰਹਿ ਰਿਹਾ ਸਾਂ) ਦੇ ਨੇੜੇ ਕਸਬਾ ਬਹਾਦਰਗੜ੍ਹ ਵਿੱਚ ਸਥਾਪਤ ਗੁਰੂ ਤੇਗ ਬਹਾਦਰ ਦੀ ਯਾਦ ਵਿੱਚ ਬਣੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਲੈ ਗਿਆ। ਤ੍ਰੇਲ ਇਉਂ ਡਿੱਗ ਰਹੀ ਸੀ, ਜਿਵੇਂ ਬੂੰਦਾਬਾਂਦੀ ਹੋ ਰਹੀ ਹੋਵੇ ! ਭਾਵੇਂ ਮੈਂ ਵਿੰਡ-ਚੀਟਰ ਪਹਿਨੀ ਹੋਈ ਸੀ, ਪਰ ਮੂੰਹ ਅਤੇ ਦਾੜ੍ਹੀ-ਮੁੱਛਾਂ ਪੂਰੀ ਤਰ੍ਹਾਂ ਭਿੱਜ ਗਈਆਂ ਸਨ। ਮਾਤਾ ਕੌਸ਼ੱਲਿਆ ਹਸਪਤਾਲ ਦੀ ਸੀਨੀਅਰ ਲੇਡੀ ਡਾਕਟਰ, ਡਾ. ਅਮਰਜੀਤ ਕੌਰ ਨੇ ਹਫਤਾ ਕੁ ਪਹਿਲਾਂ ਪਤਨੀ ਨੂੰ ਚੈੱਕ ਕੀਤਾ ਸੀ ਤੇ ਡਿਲੀਵਰੀ ਦਾ ਦਿਨ/ਸਮਾਂ ਦੱਸ ਕੇ ਸਾਨੂੰ ਜਰੂਰੀ ਹਦਾਇਤਾਂ ਦਿੱਤੀਆਂ ਸਨ। ਬਹਾਦਰਗੜ੍ਹ ਗੁਰਦੁਆਰਾ ਵਿਖੇ ਨਤਮਸਤਕ ਹੋਣ ਪਿੱਛੋਂ ਅਸੀਂ ਸਿੱਧੇ ਹੀ ਹਸਪਤਾਲ ਪਹੁੰਚ ਗਏ ਸਾਂ, ਸਵੇਰੇ ਛੇ ਵਜੇ। ਹਸਪਤਾਲ ਵਿੱਚ ਪ੍ਰਾਈਵੇਟ ਰੂਮ ਲਿਆ ਅਤੇ ਪਤਨੀ ਨੂੰ ਦਾਖਲ ਕਰਵਾ ਦਿੱਤਾ। ਅਸੀਂ ਘਬਰਾਏ ਹੋਏ ਤਾਂ ਨਹੀਂ ਸਾਂ, ਪਰ ਫਿਰ ਵੀ ਇਕ ਤਰ੍ਹਾਂ ਦਾ 'ਡਰ' ਜਿਹਾ ਸੀ। ਪਤਾ ਨਹੀਂ ਕਿਵੇਂ ਹੋਵੇਗਾ ਸਭ ਕੁਝ। ਮਨੋਂ-ਮਨੀਂ ਅਰਦਾਸ ਵੀ ਕਰ ਰਹੇ ਸਾਂ- ਬੱਚੇ ਦੀ ਖ਼ੁਸ਼ਆਮਦ ਬਾਰੇ। ਸਾਡੇ ਦੋਹਾਂ ਦੇ ਮਨਾਂ ਵਿੱਚ ਕਿਧਰੇ ਵੀ ਅਜਿਹੀ ਗੱਲ ਨਹੀਂ ਸੀ ਕਿ ਬੇਟਾ ਹੋਵੇਗਾ ਜਾਂ ਬੇਟੀ। ਹਾਂ, ਪਰ ਇਹ ਜ਼ਰੂਰ ਖ਼ਾਹਿਸ਼ ਸੀ ਕਿ ਸਭ ਕੁਝ ਸੁੱਖਸਾਂਦ ਨਾਲ ਨਿੱਬੜ ਜਾਵੇ, ਕੋਈ ਸਮੱਸਿਆ ਨਾ ਆਵੇ ...। ਸ਼ਾਮੀਂ ਪੰਜ ਕੁ ਵਜੇ ਨਾਲ ਪਤਨੀ ਨੂੰ ਡਿਲੀਵਰੀ ਰੂਮ 'ਚ ਲਿਜਾਇਆ ਗਿਆ। ਮੈਂ ਇਕੱਲਾ ਬਾਹਰ ਸਾਂ। ਜਿਵੇਂ-ਜਿਵੇਂ ਸਮਾਂ ਬੀਤਦਾ ਜਾ ਰਿਹਾ ਸੀ, ਮੈਂ ਲਗਾਤਾਰ ਚੌਪਈ ਸਾਹਿਬ ਦੇ ਪਾਠ ਸ਼ੁਰੂ ਕਰ ਦਿੱਤੇ ਸਨ- 'ਹਮਰੀ ਕਰਉ ਹਾਥ ਦੈ ਰੱਛਾ...'। ਓਧਰ ਅੰਦਰ ਪਤਨੀ ਨੇ 'ਰਹਿਰਾਸ ਸਾਹਿਬ' ਪਾਠ ਸ਼ੁਰੂ ਕਰ ਲਿਆ ਸੀ। (ਇਹ ਗੱਲ ਪਤਨੀ ਨੇ ਮੈਨੂੰ ਡਿਲੀਵਰੀ ਹੋਣ ਤੋਂ ਬਾਅਦ ਦੱਸੀ ਸੀ)। ਲੇਡੀ ਡਾਕਟਰ, ਡਾ. ਅਮਰਜੀਤ ਕੌਰ, ਜਿਸ ਨੇ ਡਿਲੀਵਰੀ ਦੇ ਕਾਰਜ ਨੂੰ ਵੇਖਣਾ ਸੀ, ਨੂੰ ਹਸਪਤਾਲ ਵੱਲੋਂ ਤੁਰੰਤ ਫੋਨ ਕਰਕੇ ਘਰੋਂ ਸੱਦਿਆ ਗਿਆ। ਕਿਉਂਕਿ ਉਸ ਦੇ ਮੁਤਾਬਕ ਤਾਂ ਡਿਲੀਵਰੀ ਦਾ ਸਮਾਂ ਕਰੀਬ ਅੱਧੀ ਰਾਤ ਵੇਲੇ ਦਾ ਸੀ। ਸ਼ਾਮੀਂ ਪੰਜ ਵੱਜ ਕੇ ਸਤਵੰਜਾ ਮਿੰਟ ਤੇ ਨੰਨ੍ਹੀ ਪਰੀ ਨੇ ਇਸ ਧਰਤੀ ਤੇ ਦਸਤਕ ਦਿੱਤੀ ਤੇ ਲੇਡੀ ਡਾਕਟਰ ਨੇ ਜਦੋਂ ਬਾਹਰ ਆ ਕੇ ਮੈਨੂੰ ਸੂਚਨਾ ਦਿੱਤੀ ਕਿ ਬੇਟੀ ਤੇ ਮਾਂ ਠੀਕ-ਠਾਕ ਹਨ, ਤਾਂ ਮੈਂ ਪਰਮਾਤਮਾ ਦਾ ਹੱਥ ਜੋੜ ਕੇ ਧੰਨਵਾਦ ਕੀਤਾ। ਮੈਂ ਆਪਣੇ ਮਾਤਾ ਪਿਤਾ, ਜੋ ਕੋਟਕਪੂਰਾ ਵਿਖੇ ਸਨ; ਅਤੇ ਪਤਨੀ ਦੇ ਪਰਿਵਾਰ, ਜੋ ਨੇੜੇ ਹੀ ਪਿੰਡ ਪਿੰਡ ਪੰਜੋਲਾ ਵਿਖੇ ਸਨ, ਨੂੰ ਫੋਨ ਰਾਹੀਂ ਰਾਤੀਂ ਸੱਤ ਕੁ ਵਜੇ ਸੂਚਿਤ ਕੀਤਾ। (ਉਦੋਂ ਮੇਰੇ ਕੋਲ ਸਿਰਫ਼ ਲੈਂਡਲਾਈਨ ਫੋਨ ਸੀ)। ਅਗਲੇ ਦਿਨ ਪਤਨੀ ਦੇ ਮਾਤਾ ਜੀ ਤੇ ਭਰਾ ਸਵੇਰੇ ਹੀ ਹਸਪਤਾਲ ਪਹੁੰਚ ਗਏ; ਕੋਟਕਪੂਰੇ ਤੋਂ ਮੇਰੇ ਮਾਤਾ-ਪਿਤਾ ਤੇ ਵੱਡੇ ਭੈਣ ਜੀ ਵੀ ਦਸ ਕੁ ਵਜੇ ਤਕ ਬੱਸ ਰਾਹੀਂ ਆ ਗਏ ਸਨ। ਮੈਂ ਜਾਣਦਾ ਸਾਂ ਕਿ ਬੇਟੀ ਦੇ ਜਨਮ ਤੇ ਕਿਸੇ ਨੇ ਮੈਨੂੰ 'ਮੁਬਾਰਕ' ਨਹੀਂ ਆਖਣੀ, ਇਸ ਲਈ ਮੈਂ ਪਹਿਲਾਂ ਹੀ ਨਾਰੀਅਲ ਦੇ ਲੱਡੂਆਂ ਦਾ ਇਕ ਡੱਬਾ ਲੈ ਆਇਆ ਸਾਂ। ਜੋ ਵੀ ਮੈਨੂੰ ਮਿਲਦਾ, ਮੈਂ ਸਭ ਤੋਂ ਪਹਿਲਾਂ ਉਸ ਦਾ ਮੂੰਹ ਮਿੱਠਾ ਕਰਵਾਉਂਦਾ, ਤਾਂ ਕਿ ਉਹਨੂੰ ਆਪਣਾ ਚਿਹਰਾ ਉਦਾਸ/ਗਮਗੀਨ ਬਨਾਉਣ ਦੀ ਲੋੜ ਨਾ ਪਵੇ। ਮੈਨੂੰ ਖ਼ੁਸ਼ ਵੇਖ ਕੇ ਅਗਲੇ ਨੂੰ 'ਵਧਾਈ' ਦੇਣੀ ਪੈ ਹੀ ਜਾਂਦੀ।



ਮੇਰੀ ਇਕਲੌਤੀ ਬੇਟੀ ਮੇਰੇ ਜੀਵਨ ਦੀ ਆਨ, ਬਾਨ ਤੇ ਸ਼ਾਨ ਹੈ। ਉਹਦੀ ਆਮਦ ਤੋਂ ਬਾਅਦ ਅਸੀਂ ਜੀਵਨ ਦੇ ਹਰ ਖੇਤਰ ਵਿਚ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ। ਬੇਟੀ ਦੇ ਬਚਪਨ ਵਿਚ ਅਤੇ ਹੁਣ ਤਕ ਮੈਂ ਜਿੰਨੀਆਂ ਵੀ ਕਵਿਤਾਵਾਂ ਦੀ ਰਚਨਾ ਕੀਤੀ, ਉਸਦੀ ਪ੍ਰੇਰਨਾ-ਸਰੋਤ ਮੇਰੀ ਬੇਟੀ ਹੀ ਰਹੀ ਹੈ। ਮੇਰੀ ਹਰ ਕਵਿਤਾ ਵਿਚ, ਚਾਹੇ ਉਹ ਬਾਲ-ਕਵਿਤਾ ਹੈ ਜਾਂ ਕੋਈ ਹੋਰ, ਮੇਰੀ ਬੇਟੀ ਦਾ ਨਾਂ ਜਰੂਰ ਲਿਖਿਆ ਹੁੰਦਾ ਹੈ। ਹੋਰ ਤਾਂ ਹੋਰ, ਮੈਂ ਆਪਣੀ ਪਹਿਲੀ ਆਲੋਚਨਾਤਮਕ ਪੁਸਤਕ, ਜੋ 2009 ਵਿੱਚ ਪ੍ਰਕਾਸ਼ਿਤ ਹੋਈ ਸੀ, ਨੂੰ ਬੇਟੀ ਦੇ ਹੱਥੋਂ ਹੀ ਰਿਲੀਜ਼ ਕਰਵਾਇਆ ਸੀ। ਮੇਰਾ ਮੰਨਣਾ ਹੈ ਕਿ ਜੇ ਮਾਪੇ ਧੀ ਦੇ ਜਨਮ ਨੂੰ 'ਖ਼ੁਸ਼ਖ਼ਬਰ' ਵਜੋਂ ਲੈਣਗੇ, ਤਾਂ ਤੁਹਾਡੇ ਦੋਸਤ-ਮਿੱਤਰ ਤੇ ਰਿਸ਼ਤੇਦਾਰ ਜ਼ਰੂਰ ਤੁਹਾਨੂੰ ਵਧਾਈ ਦੇਣਗੇ। ਜੇ ਮਾਪੇ ਖੁਦ ਹੀ ਧੀ ਨੂੰ ਬੋਝ ਸਮਝਣ ਲੱਗ ਪੈਣ, ਤਾਂ ਦੂਜੇ ਤੋਂ ਕੀ ਆਸ ਕੀਤੀ ਜਾ ਸਕਦੀ ਹੈ ! ਇਹ ਨਹੀਂ, ਕਿ ਜੇ ਮੁੰਡੇ ਦਾ ਜਨਮ ਹੋਇਆ, ਤਾਂ ਢੋਲ, ਡੀਜੇ ਵਜਾਈਏ, ਖੁਸਰੇ ਨਚਾਈਏ ਅਤੇ ਜੇ ਧੀ ਪੈਦਾ ਹੋ ਗਈ ਤਾਂ ਉਸਨੂੰ 'ਪੱਥਰ' ਸਮਝ ਕੇ ਨਿਰਾਦਰ ਕਰੀਏ !

**ਪ੍ਰੋ. ਨਵ ਸੰਗੀਤ ਸਿੰਘ**
**ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ)**
**9417692015.**



# "ਸੱਚੀ ਮਿੱਤਰਤਾ ਕਿਸੇ ਚੀਜ਼ ਦੀ ਮਹੁਤਾਜ ਨਹੀ"

ਅੱਜ ਦੇ ਇਸ ਤੇਜ਼ ਰਫਤਾਰ ਦੌਰ ਅੰਦਰ ਸਾਡੇ ਸਮਾਜ ਵਿਚਲੇ ਦੋਸਤੀ ਅਤੇ ਮਿੱਤਰਤਾ ਵਰਗੇ ਪਾਕ- ਪਵਿੱਤਰ ਰਿਸ਼ਤੇ ਅਜੌਕੇ ਸਮੇਂ ਦੌਰਾਨ ਫਿੱਕੇ ਜਾਪਦੇ ਹਨ। ਕਿਉਂਕਿ ਇਹ ਸਮਾਂ ਹੀ ਅਜਿਹਾ ਹੋ ਗਿਆ ਹੈ ਜਿਸ ਅੰਦਰ ਸਭ ਰਿਸ਼ਤਿਆਂ ਅੰਦਰਲਾ ਮੋਹ, ਪਿਆਰ ਅਤੇ ਸੁਨੇਹ ਘਟਦਾ ਜਾ ਰਿਹਾ ਹੈ। ਇੱਕ ਸਮਾਂ ਹੁੰਦਾ ਸੀ ਜਿਸ ਵਿੱਚ ਦੋਸਤ ਮਿੱਤਰ ਜੋ ਕਿ ਸਕੇ ਭਰਾ ਤੋਂ ਵੱਧਕੇ ਰਿਸ਼ਤਾ ਨਿਭਾਉਂਦੇ ਸਨ। ਉਸਦੀ ਹਰ ਇੱਕ ਦੁੱਖ-ਤਕਲੀਫ ਨੂੰ ਆਪਣਾ ਸਮਝਦੇ ਸੀ। ਇਹ ਦੋਸਤੀ ਜਾਂ ਮਿੱਤਰਤਾ ਜੋ ਕਿ ਬਿਨ੍ਹਾ ਕਿਸੇ ਲੋਭ, ਲਾਲਚ ਤੋਂ ਉੱਪਰ ਉੱਠ ਕੇ ਦੋ ਦਿਲਾਂ ਦੀ ਆਪਸੀ ਸਾਂਝ ਮੰਨੀ ਜਾਂਦੀ ਸੀ। ਜਿਸ ਅੰਦਰ ਹਰ ਕੋਈ ਵਿਅਕਤੀ ਦੋਸਤੀ ਕਰਨ ਸਮੇਂ ਸਾਹਮਣੇ ਵਾਲੀ ਦੀ ਜਾਤ-ਪਾਤ ਜਾਂ ਕੋਈ ਹੋਰ ਉੱਚ-ਨੀਚ, ਅਮੀਰੀ-ਗਰੀਬੀ ਨਹੀਂ ਸਨ ਵੇਖਦੇ। ਇਹ ਦੋਸਤੀ ਦਾ ਰਿਸ਼ਤਾ ਇਕ ਰੂਹ ਦਾ ਰਿਸ਼ਤਾ ਸਮਝਿਆ ਜਾਂਦਾ ਸੀ ਜੋ ਕਿ ਉਸ ਸਮੇਂ ਸਭ ਤੋਂ ਪਾਕ-ਪਵਿੱਤਰ ਰਿਸ਼ਤਾ ਹੁੰਦਾ ਸੀ। ਜਿਸ ਦੌਰਾਨ ਦੋ ਸੱਚੇ ਮਿੱਤਰ ਆਪਸ ਵਿੱਚ ਪੱਗ ਵਟਾ ਕੇ ਪੱਗਵਟ ਭਰਾ ਬਣਕੇ ਲੰਬਾ ਸਮਾਂ ਇਸ ਮਿੱਤਰਤਾ ਨੂੰ ਨਿਭਾਉਂਦੇ ਅਤੇ ਦੋਵੇਂ ਪਰਿਵਾਰਾਂ ਵਿੱਚ ਹਰ ਦੁੱਖ-ਸੁੱਖ ਵਿੱਚ ਹਰ ਸਮੇਂ ਮੌਜੂਦ ਰਹਿੰਦੇ ਅਤੇ ਇੱਕ ਸਕੇ ਭਰਾ ਤੋਂ ਵਧਕੇ ਇੱਕ ਦੂਜੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜਦੇ ਸਨ। ਇੱਕ ਸਮਾਂ ਸੀ ਜਿਸ ਅੰਦਰ ਇਹ ਰਿਸ਼ਤਾ ਜੋ ਕਿ ਖੂਨ ਦੇ ਰਿਸ਼ਤੇ ਤੋ ਵੀ ਵਧਕੇ ਨਿਭਾਇਆ ਜਾਂਦਾ ਸੀ ਜਿਸ ਦੌਰਾਨ ਇਸ ਦੋਸਤੀ ਬਦਲੇ ਉਹ ਆਪਣੀ ਜਾਨ-ਕੁਰਬਾਨ ਕਰਨ ਦੀ ਪਰਵਾਹ ਨਹੀਂ ਸਨ ਕਰਦੇ ਅਤੇ ਹਰ ਸਮੇਂ ਆਪਣੀ ਦੋਸਤੀ ਮਿੱਤਰਤਾ ਨੂੰ ਨਿਭਾਉਣ ਲਈ ਤਿਆਰ ਰਹਿੰਦੇ ਸਨ। ਇਸਦੇ ਉਲਟ ਅੱਜ ਸਮਾਂ ਕੁੱਝ ਹੋਰ ਜਾਪਦਾ ਹੈ ਜਿਸ ਅੰਦਰ ਹਰ ਇੱਕ ਵਿਅਕਤੀ ਸਿਰਫ ਤੇ ਸਿਰਫ ਆਪਣੀ ਲੋੜ ਮੁਤਾਬਿਕ ਰਿਸ਼ਤੇ ਨਿਭਾਉਂਦਾ ਨਜਰ ਆਉਂਦਾ ਹੈ, ਜਿਸ ਵਿੱਚ ਉਹ ਆਪਣੀ ਲੋੜ ਅਤੇ ਜ਼ਰੂਰਤ ਮੁਤਾਬਿਕ ਰਿਸ਼ਤੇ ਅਤੇ ਦੋਸਤੀ ਜੋੜਦਾ ਹੈ ਜਦੋਂ ਤੱਕ ਲੋੜ ਅਤੇ ਜਰੂਰਤ ਹੁੰਦੀ ਹੈ ਓਦੋਂ ਤੱਕ ਹੀ ਉਹ ਸਾਂਝ ਅਤੇ ਰਿਸ਼ਤੇਦਾਰੀ ਕਾਇਮ ਰੱਖਦਾ ਹੈ ਜਦੋਂ ਉਸਦੀਆਂ ਸਭ ਜਰੂਰਤਾਂ ਅਤੇ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਹ ਸਭ ਰਿਸ਼ਤੇ-ਨਾਤੇ ਤੋੜ ਲੈਂਦਾ ਹੈ। ਇਸ ਪ੍ਰਕਾਰ ਅਜੋਕੇ ਸਮੇਂ ਦੋਰਾਨ ਦੋਸਤੀ ਅਤੇ ਮਿੱਤਰਤਾ ਵਰਗੇ ਰੂਹ ਦੇ ਰਿਸ਼ਤੇ ਵੀ ਇਸ ਕਲਯੁੱਗੀ ਦੁਨੀਆ ਵਿੱਚ ਇਹਨਾਂ ਵਿਚਲਾ ਪਿਆਰ, ਸੁਨੇਹ ਅਤੇ ਵਫਾਦਾਰੀ ਪਹਿਲੇ ਸਮੇਂ ਦੋਰਾਨ ਘੱਟਦੀ ਨਜਰ ਆਉਂਦੀ ਹੈ ਅੱਜ ਭਾਵੇਂ ਸੋਸਲ ਮੀਡੀਆ ਅਤੇ ਕਈ ਹੋਰ ਨੈੱਟਵਰਕ ਦੇ ਜਰੀਏ ਅਸੀਂ ਹਜਾਰਾਂ ਦੀ ਗਿਣਤੀ ਵਿੱਚ ਦੋਸਤ ਬਣਾ ਲਏ ਹਨ ਅਤੇ ਹਰ ਇੱਕ ਦਿਨ ਨਵਾਂ ਦੋਸਤ ਇਸ ਨੈੱਟਵਰਕ ਦੇ ਜਰੀਏ ਸਾਡੇ ਸੰਪਰਕ ਵਿੱਚ ਆਉਂਦਾ ਹੈ। ਇੰਨੇ ਦੋਸਤ ਇਕੱਠੇ ਕਰਨ ਦੇ ਬਾਵਜੂਦ ਵੀ ਅੱਜ ਹਰ ਵਿਅਕਤੀ ਆਪਣੇ ਆਪ ਨੂੰ ਇਹਨਾਂ ਵਿਚਾਲੇ ਆਪਣੇ ਆਪ ਨੂੰ ਇਕੱਲਾ ਸਮਝਦਾ ਹੈ ਅਤੇ ਉਸਦਾ ਇਹ ਇਕੱਲਾਪਣ ਉਸਨੂੰ ਵੱਢ-ਵੱਢ ਖਾਂਦਾ ਹੈ। ਜਿਸ ਕਾਰਨ ਉਹ ਮਨ ਹੀ ਮਨ ਅੰਦਰ ਮਹਿਸੂਸ ਕਰਦਾ ਹੈ ਕਿ ਉਹ ਸੱਚਮੁੱਚ ਹੀ ਕਿੰਨ੍ਹਾ ਇਕੱਲਾ ਰਹਿ ਗਿਆ ਹੋਵੇ ਅਤੇ ਇਹ ਨਿੱਤ-ਨਵੇਂ ਬਣਾਏ ਮਿੱਤਰ ਵੀ ਉਸ ਸਮੇਂ ਉਸਦੇ ਇਸ ਇਕੱਲੇਪਣ ਨੂੰ ਦੂਰ ਨਹੀਂ ਕਰ ਸਕਦੇ। ਸੋ ਲੋੜ ਹੈ ਸਮਝਣ ਦੀ ਕਿ ਦੋਸਤ ਭਾਵੇਂ ਘੱਟ ਹੋਣ ਪਰੰਤੂ ਜਿੰਨੇ ਵੀ ਹੋਣ ਉਹ ਦੁੱਖ ਤਕਲੀਫ ਅਤੇ ਮਨ ਦੀਆਂ ਸਮਝਣ ਵਾਲੇ ਹੋਣ ਕਿਓਕਿ ਇੱਕ ਸੱਚਾ ਮਿੱਤਰ ਜੋ ਕਿ ਆਪਣੇ ਸੱਚੇ ਮਿੱਤਰ ਦਾ ਮੂਹ ਵੇਖਕੇ ਹੀ ਦੱਸ ਦਿੰਦਾ ਹੈ ਕਿ ਅੱਜ ਉਹ ਕਿਸੇ ਦੁੱਖ ਤਕਲੀਫ ਵਿੱਚ ਹੈ। ਸੱਚਾ ਮਿੱਤਰ ਵੀ ਓਹੀ ਸਮਝਿਆ ਜਾਂਦਾ ਹੈ ਜੋ ਲੋੜ ਅਤੇ ਮਤਲਬ ਤੋਂ ਉੱਪਰ ਉੱਠਕੇ ਬੇਝਿੰਜਕ ਦੋਸਤੀ ਨਿਭਾਉਂਦਾ ਹੈ ਅਜਿਹੀ ਮਿੱਤਰਤਾ ਵਿੱਚ ਪੈਸਾ-ਰੁਪਇਆ ਜਾਂ ਕੋਈ ਹੋਰ ਸੰਸਾਧਨ ਮਾਇੰਨੇ ਨਹੀਂ ਰੱਖਦੇ। ਅੱਜ ਦੇ ਇਸ ਆਧੁਨਿਕ ਦੌਰ ਅੰਦਰ ਨਿੱਤ-ਨਵੇਂ ਦੋਸਤ ਮਿੰਟਾਂ-ਸਕਿੰਟਾ ਵਿੱਚ ਬਣਦੇ ਹਨ ਅਤੇ ਉਨ੍ਹੀ ਜਲਦੀ ਹੀ ਇਹ ਖਤਮ ਵੀ ਹੋ ਜਾਂਦੇ ਹਨ । ਦੋਸਤੀ ਦੇ ਇਸ ਦੌਰ ਅੰਦਰ ਤਰੱਕੀ ਕਰਨ ਦੀ ਦੌੜ ਵਿੱਚ ਵਿਅਕਤੀ ਮੋਹ, ਮਾਇਆ ਵਿੱਚ ਭਿੱਜਿਆ ਆਪਣੇ ਅਸਲ ਰਿਸ਼ਤਿਆਂ ਨੂੰ ਪਿੱਛੇ ਛੱਡਦਾ ਹੋਇਆ ਵਿਖਾਈ ਦਿੰਦਾ ਹੈ। ਪੈਸੇ ਅਤੇ ਤਰੱਕੀ ਦੀ ਅੰਨ੍ਹੀ ਦੋੜ ਅੰਦਰ ਉਹ ਅੱਜਕਲ ਦੋਸਤੀ-ਮਿੱਤਰਤਾ ਵਰਗੇ ਪਾਕ ਰਿਸ਼ਤੇ ਤਾਂ ਇੱਕ ਪਾਸੇ ਉਹ ਆਪਣੇ ਸਕੇ ਭਰਾਂ ਦਾ ਗਲ ਵੱਢਣ ਨੂੰ ਵੀ ਪ੍ਰਹੇਜ਼ ਨਹੀਂ ਕਰਦਾ। ਅੱਜ ਦੀ ਇਸ ਗੋਕੱਟ ਅਤੇ ਮਤਲਬੀ ਦੁਨੀਆ ਅੰਦਰ ਵਖਤ ਪਏ ਤੋਂ ਹੀ ਸਭ ਰਿਸ਼ਤਿਆਂ ਦਾ ਪਤਾ ਚਲਦਾ ਹੈ ਕਿਓਕੀ ਜਦੋਂ ਵਖਤ ਪੈਂਦਾ ਹੈ ਤਾਂ ਹਰ ਕੋਈ ਸੱਜਣ-ਬੇਲੀ ਸਭ ਪਾਸੇ ਵੱਟ ਜਾਂਦੇ ਹਨ। ਬੁਰਾ ਵਕਤ ਅਜਿਹਾ ਹੁੰਦਾ ਹੈ ਜਿਸ ਅੰਦਰ ਉਸ ਸਮੇਂ ਹਰ ਕੋਈ ਭੈਣ-ਭਰਾ ਸੱਜਣ-ਮਿੱਤਰ ਸਭ ਪਾਸੇ ਵੱਟ ਜਾਂਦੇ ਹਨ। ਕਿਸੇ ਵਿਦਵਾਨ ਨੇ ਬੜਾ ਸੋਹਣਾ ਲਿਖਿਆ ਹੈ :-

ਜਦੋਂ ਵਖਤ ਇੰਨਸਾਨ ਤੇ ਆਣ ਪੈਂਦਾ  
ਸੱਪ ਰੱਸੀਆਂ ਦੇ ਬਣ-ਬਣ ਕੱਟ ਜਾਂਦੇ  
ਬੁਰੇ ਭਲੇ ਦੀ ਓਦੋਂ ਨਹੀਂ ਪਰਖ ਰਹਿੰਦੀ  
ਤੇ ਮਿੱਤਰ-ਮਿੱਤਰਤਾ ਤੋਂ ਪਾਸਾ ਵੱਟ ਜਾਂਦੇ

ਇਸ ਤਰ੍ਹਾਂ ਅਜੋਕੇ ਸਮੇਂ ਦੋਰਾਨ ਜੇਕਰ ਕੋਈ ਵਿਅਕਤੀ ਸੱਚੀ ਮਿੱਤਰਤਾ ਨਿਭਾਉਣ ਦੀ ਕੋਸ਼ਿਸ ਵੀ ਕਰਦਾ ਹੈ ਤਾਂ ਵਿਚ-ਵਿਚਾਲੇ ਉਹਨਾਂ ਨੂੰ ਆਪਸ ਵਿੱਚ ਚੁੱਗਲੀ ਕਰਕੇ ਲੜਾ ਦਿੱਤਾ ਜਾਂਦਾ ਹੈ ਕਿਓਕਿ ਅਜਿਹੇ ਕਲਯੁੱਗੀ ਦੋਸਤ ਜੋ ਕਿ ਨਾਂ ਸਿਰਫ ਆਪ ਇਸ ਰਿਸਤੇ ਉੱਪਰ ਪੂਰ ਚੜਦੇ ਹਨ ਸਗੋਂ ਦੂਸਰੇ ਨੂੰ ਵੀ ਭੜਕਾ ਛੱਡਦੇ ਹਨ। ਬੇਇਮਾਨੀ ਦੇ ਇਸ ਵੱਧਦੇ ਦੌਰ ਅੰਦਰ ਦੋਸਤ-ਮਿੱਤਰ ਤਾਂ ਇੱਕ ਪਾਸੇ ਸਕੇ ਭੈਣ-ਭਰਾ ਵੀ ਇੱਕ ਦੂਜੇ ਤੋਂ ਖਾਰ ਖਾਂਦੇ ਨਜਰ ਆਉਂਦੇ ਹਨ ਪਰੰਤੂ ਪੰਜੇ ਉਂਗਲਾਂ ਇੱਕੋਸਾਰ ਵੀ ਨਹੀਂ ਹੁੰਦੀਆਂ ਦੇ ਸਿਧਾਂਤ ਅਨੁਸਾਰ ਕਾਫੀ ਜਗ੍ਹਾ ਅਜਿਹੇ ਭੈਣ-ਭਰਾ ਵੀ ਨਜਰ ਆਉਂਦੇ ਹਨ ਜੋ ਕਿ ਇੱਕ ਦੂਜੇ ਉੱਪਰ ਮਰ-ਮਿੱਟਦੇ ਹਨ ਪਰੰਤੂ ਇਹ ਫਿਰ ਹੀ ਸਿੱਧ ਹੁੰਦਾ ਹੈ ਜੇਕਰ ਉਹਨਾਂ ਵਿਚਕਾਰ ਕੋਈ ਤੀਸਰਾ ਵਿਅਕਤੀ ਅੱਗ ਲਗਾਉਣ ਵਾਲਾ ਨਾ ਹੋਵੇ ਕਿਓਕਿ ਅਜਿਹਾ ਵਿਅਕਤੀ ਜੋ ਕਿ ਅੰਦਰੋ ਕੁਝ ਹੋਰ ਅਤੇ ਬਾਹਰੋ ਕੁਝ ਹੋਰ ਹੁੰਦੇ ਹਨ। ਜਿਨ੍ਹਾਂ ਦੇ ਮਨ ਅਤੇ ਮੁੱਖ ਉੱਪਰ ਕੁਝ ਹੋਰ ਵਿਖਾਈ ਦਿੰਦਾ ਉਪਰੋ ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਹਨ ਅਤੇ ਅੰਦਰੋ-ਅੰਦਰੀ ਖਾਰ ਖਾਂਦੇ ਹਨ ਅਜਿਹੇ ਵਿਅਕਤੀ ਜੋ ਕਿ ਕਿਸੇ ਪ੍ਰਕਾਰ ਦੀ ਦੋਸਤੀ ਅਤੇ ਰਿਸ਼ਤੇ ਦੇ ਲਾਇਕ ਨਹੀਂ ਹੁੰਦੇ। ਇਹ ਜਿੱਥੇ ਵੀ ਜਾਂਦੇ ਹਨ ਸਭ ਕੁੱਝ ਖਤਮ ਕਰ ਦਿੰਦੇ ਹਨ, ਇਹ ਸਿਰਫ ਖਾਣ-ਪੀਣ ਕਰਕੇ ਹੀ ਇੱਕ-ਦੂਜੇ ਨਾਲ ਜੁੜੇ ਰਹਿੰਦੇ ਹਨ ਜਦੋਂ ਬੁਰਾ ਵਕਤ ਪੈਂਦਾ ਹੈ ਤਾਂ ਅਜਿਹੇ ਮਿੱਤਰ-ਬੇਲੀ ਭੱਜ ਨਿੱਕਲਦੇ ਹਨ ਜੋ ਆਪਣੇ ਮਤਲਬ ਸਮੇਂ ਕਹਿੰਦੇ ਰਹਿੰਦੇ ਹਨ ਕਿ ਜਦੋਂ ਵੀ ਮਾੜਾ ਸਮਾਂ ਆਵੇਗਾ ਤਾਂ ਉਹ ਮੋਢੇ ਨਾਲ ਮੋਢਾ ਲਗਾ ਕੇ ਖੜਨਗੇ ਪਰ ਮਿੰਟਾਂ ਵਿੱਚ ਹੀ ਅੱਖਾ ਫੇਰ ਜਾਂਦੇ ਹਨ। ਜਿਹੜੇ ਪੱਗ ਵਟਾਉਣ ਸਮੇਂ ਕਹਿੰਦੇ ਸਨ ਕਿ ਅਸੀਂ ਤੇਰੇ ਲਈ ਮਰ-ਮਿੱਟਾਂਗੇ ਪਰ ਲੋੜ ਪੈਣ ਤੇ ਇੱਕ ਮਿੰਟ ਦੀ ਪ੍ਵਾਹ ਕੀਤੇ ਬਿਨ੍ਹਾ ਆਪਣੇ ਸੱਜਣ-ਬੇਲੀ ਦੀ ਵਟਾਈ ਪੱਗ ਨਾਲ ਹੀ ਗਲਾ ਘੋਟ ਕੇ ਮਾਰ ਦਿੰਦੇ ਹਨ ਕਿਓਕਿ ਜਦੋਂ ਤੱਕ ਸੱਚਾ ਮਿੱਤਰ ਉਸਦੀਆਂ ਲੋੜਾਂ ਪੂਰਦਾ ਰਹਿੰਦਾ ਹੈ ਉਦੋਂ ਤੱਕ ਹੀ ਯਾਰੀ ਰੱਖਦੇ ਹਨ ਅਤੇ ਸਕੇ ਭੈਣ-ਭਰਾਵਾਂ ਵਿੱਚ ਖਾਰ ਪਾਉਣ ਲਈ ਜਿਨੀ ਵਾਹ ਪੁਗਦੀ ਹੈ ਪੁਗਾਉਂਦੇ ਹਨ। ਇਸ ਪ੍ਰਕਾਰ ਸਾਨੂੰ ਅਜਿਹੇ ਮਤਲਬੀ ਯਾਰਾਂ ਕੋਲੋਂ ਬਚ ਕੇ ਰਹਿਣਾ ਚਾਹੀਦਾ ਹੈ ਜੋ ਸਿਰਫ ਸ਼ਰਾਬ ਦੇ ਇੱਕ ਪਿਆਲੇ ਤੱਕ ਹੀ ਸੀਮਿਤ ਹੁੰਦੇ ਹਨ ਅਜਿਹੇ ਦੋਸਤਾਂ ਨਾਲੋਂ ਵਿਅਕਤੀ ਇਕੱਲਾ ਚੰਗਾ। ਸੋ ਇਸ ਪ੍ਰਕਾਰ ਇਕ ਸਾਇਰ ਬੜਾ ਸੋਹਣਾ ਲਿਖਦਾ ਹੈ :-

ਮੈਨੂੰ ਤਾਂ ਮੇਰੇ ਦੋਸਤਾਂ ਇੱਕ ਗਮ ਨੇ ਮਾਰਿਆ  
ਝੂਠੀ ਤੇਰੀ ਦੋਸਤੀ ਦੇ ਦਮ ਨੇ ਮਾਰਿਆ

ਸੋ ਲੋੜ ਹੈ ਸਮਝਣ ਦੀ ਕਿਓਕਿ ਅੱਜ ਦੇ ਇੱਸ ਅਜੌਕੇ ਸਮੇਂ ਵਿੱਚ ਸੱਚਾ ਮਿੱਤਰ ਮਿਲਣਾ ਇੱਕ ਰੱਬ ਦੇ ਮਿਲਣ ਦੇ ਬਰਾਬਰ ਹੈ। ਲੋੜ ਹੈ ਰਿਸ਼ਤੇ ਅੰਦਰ ਵਫਾਦਾਰੀ ਅਤੇ ਪਿਆਰ ਦੀ ਕਿਓਕੀ ਅਜਿਹੇ ਸੱਚੇ ਮਿੱਤਰ ਜੋ ਕਿ ਕਿਸੇ ਲੋਭ, ਲਾਲਚ, ਜਰੂਰਤ ਦੇ ਮੁਹਤਾਜ ਨਹੀਂ ਹੁੰਦੇ ਸਾਨੂੰ ਅਜਿਹੇ ਮਿੱਤਰ ਸਾਂਭ ਕੇ ਰੱਖਣ ਚਾਹੀਦੇ ਹਨ ਜੋ ਕਿ ਇਸ ਮਤਲਬੀ ਦੁਨੀਆ ਅੰਦਰ ਹਨੇਰੇ ਵਿੱਚ ਉਸ ਦੀਵੇ ਦੀ ਤੇਜ ਰੋਸ਼ਨੀ ਵਾਂਗ ਚਾਨਣ ਫੈਲਾਉਂਦੇ ਹਨ ਜੋ ਕਿ ਸਾਡੀਆ ਹਰ ਦੁੱਖ ਤਕਲੀਫਾਂ ਨੂੰ ਆਪਣੇ ਪਿਆਰ, ਸੁਨੇਹ ਨਾਲ ਮਿੰਟਾਂ ਵਿੱਚ ਦੂਰ ਕਰ ਦਿੰਦੇ ਹਨ ਜ਼ਿੰਦਗੀ ਦੇ ਚਲਦੇ ਸਫਰ ਵਿੱਚ ਜੇਕਰ ਇੱਕ ਚੰਗਾ ਮਿੱਤਰ ਨਾਲ ਹੋਵੇ ਤਾਂ ਜਿੰਦਗੀ ਜਿਓਣ ਦਾ ਅਨੰਦ ਹੀ ਕੁਝ ਹੋਰ ਹੁੰਦਾ ਹੈ।



ਜਗਮੀਤ ਸਿੰਘ ਚੁੰਬਰ  
ਪਿੰਡ ਤੇ ਡਾਂਕ ਬਰੜਵਾਲ  
ਫੋਨ ਨੰ: 9653639891





# ਬੱਚਿਆਂ ਵਿਚ ਸਮਾਜਿਕ ਗੁਣਾ ਦਾ ਵਿਕਾਸ ਜ਼ਰੂਰੀ

ਪੜ੍ਹਾਈ ਦੇ ਨਾਲ ਹੀ ਬੱਚਿਆਂ ਦੇ ਸੰਪੂਰਨ ਵਿਕਾਸ ਦੇ ਲਈ ਉਨ੍ਹਾਂ ’ਚ ਸਮਾਜਿਕ ਗੁਣਾਂ ਦਾ ਵਿਕਾਸ ਵੀ ਜਰੂਰੀ ਹੈ। ਬੱਚੇ ਨੂੰ ਸਮਾਜਕ ਬਣਾਉਣ ਦੇ ਲਈ ਗੱਲਬਾਤ ਦੀ ਕਲਾ ਅਤੇ ਭਾਵਨਾਤਮਕ ਸੰਜਮ ਦੀ ਜ਼ਰੂਰੀ ਹੁੰਦੀ ਹੈ। ਇਨ੍ਹਾਂ ਗੁਣਾਂ ਨੂੰ ਵਿਕਸਤ ਕਰਨ ਦੀ ਜਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ ਪਰ ਮਾਪਿਆਂ ਦੇ ਸਾਹਮਣੇ ਅਹਿਮ ਸਮੱਸਿਆ ਇਹ ਹੁੰਦੀ ਹੈ ਕਿ ਇਨ੍ਹਾਂ ਗੁਣਾਂ ਨੂੰ ਕਿਸ ਤਰ੍ਹਾਂ ਨਾਲ ਵਿਕਸਤ ਕੀਤਾ ਜਾਵੇ ? ਇਸ ਲੇਖ ’ਚ ਅਸੀਂ ਕੁਝ ਅਜਿਹੀਆਂ ਹੀ ਅਹਿਮ ਗੱਲਾਂ ’ਤੇ ਚਰਚਾ ਕਰਾਂਗੇ ਜਿਨ੍ਹਾਂ ਨੂੰ ਧਿਆਨ ’ਚ ਰੱਖ ਕੇ ਤੁਸੀਂ ਬੱਚੇ ਨੂੰ ਤੇਜ ਬਣਾ ਸਕਦੇ ਹੋਂ।ਮਾਹਿਰਾਂ ਦੇ ਅਨੁਸਾਰ ਬੱਚੇ ਜਨਮ ਤੋਂ ਹੀ ਸਮਾਜਿਕ ਹੁੰਦੇ ਹਨ। ਉਨ੍ਹਾਂ ’ਚ ਕੁਦਰਤੀ ਰੂਪ ਤੋਂ ਹੀ ਸਮਾਜਿਕ ਹੋਣ ਦਾ ਗੁਣ ਹੁੰਦਾ ਹੈ ਇਸਲਈ ਉਨ੍ਹਾਂ ਦਾ ਸਭ ਤੋਂ ਪਹਿਲਾਂ ਸਮਾਜਕ ਲਗਾਅ ਆਪਣੇ ਮਾਤਾ ਪਿਤਾ ਨਾਲ ਹੁੰਦਾ ਹੈ ਜੋ ਉਨ੍ਹਾਂ ਲਈ ਭਾਵਨਾਤਮਕ ਮਾਰਗਦਰਸ਼ਕ ਦਾ ਰੋਲ ਅਦਾ ਕਰਦਾ ਹੈ। ਇਹੋ ਭਾਵਨਾਤਮਕ ਲਗਾਅ ਬੱਚਿਆਂ ’ਚ ਭਾਵਨਾਤਮਕ ਸੰਜ਼ਮ ਅਤੇ ਗੱਲਬਾਤ ਕਰਨ ਦੀ ਕਲਾ ਵਿਕਸਤ ਕਰਦਾ ਹੈ, ਜੋ ਉਨ੍ਹਾਂ ਨੂੰ ਸਮਾਜਿਕ ਬਣਾਉਣ ’ਚ ਮਦਦ ਕਰਦਾ ਹੈ। ਇਸੇ ਲਈ ਇਹ ਸ਼ੁਰੂਆਤ ਜਲਦੀ ਕਰ ਦੇਣੀ ਚਾਹੀਦੀ ਹੈ। ਬੱਚਿਆਂ ਨੂੰ ਅਲੱਗ-ਅਲੱਗ ਤਰ੍ਹਾਂ ਨਾਲ ਖੇਡਾਂ ’ਚ ਸ਼ਾਮਲ ਕਰੋ। ਉਥੇ ਤੁਹਾਡਾ ਬੱਚਾ ਆਪਣੇ ਹਮਉਮਰ ਬੱਚਿਆਂ ਦੇ ਨਾਲ ਅਰਾਮਦਾਇਕ ਮਹਿਸੂਸ ਕਰੇਗਾ। ਇਹਨਾਂ ਖੇਡਾਂ ਦੇ ਜ਼ਰੀਏ ਬੱਚਾ ਦੂਜੇ ਬੱਚਿਆਂ ਦੇ ਨਾਲ ਜੁੜੇਗਾ। ਇਸ ਦੌਰਾਨ ਉਹ ਆਪਣੇ ਆਪ ਨੂੰ ਅਜ਼ਾਦ ਮਹਿਸੂਸ ਕਰੇਗਾ ਜਿਸ ਕਰਕੇ ਬੱਚੇ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੋਵੇਗਾ।ਬੱਚਿਆਂ ਨੂੰ ਖਿਡੌਣਿਆਂ ’ਚ ਵਿਅਸਤ ਰੱਖਣ ਦੀ ਥਾਂ ਬਾਹਰ ਖੇਡਾਂ ਖੇਡਣ ਦੇ ਲਈ ਪ੍ਰੇਰਿਤ ਕਰੋ। ਬਾਹਰੀ ਖੇਡਾਂ ਖੇਡਦੇ ਹੋਏ ਉਹ ਹੋਰ ਬੱਚਿਆਂ ਦੇ ਸੰਪਰਕ ’ਚ ਆਵੇਗਾ ਅਤੇ ਨਵੀਆਂ ਨਵੀਆਂ ਗੱਲਾਂ ਸਿੱਖੇਗਾ ਅਤੇ ਉਸਦੇ ਮਾਨਸਿਕ ਵਿਕਾਸ ’ਚ ਵੀ ਵਾਧਾ ਹੋਵੇਗਾ। ਖੇਡਾਂ ਦੇ ਦੌਰਾਨ ਆਪਣੇ ਬੱਚੇ ਨੂੰ ਖਿਡੌਣੇ ਜਾਂ ਖਾਣ ਦੀ ਚੀਜਾਂ ਵੰਡ ਕੇ ਇਸਤਮਾਲ ਕਰਨ ਨੂੰ ਕਹੋ।ਉਸ ਨੂੰ ਸਾਂਝਾ ਕਰਨ ਦਾ ਮਹੱਤਵ ਸਮਝਾਓ। ਬੱਚਿਆਂ ’ਤੇ ਹੋਈਆਂ ਬਹੁਤ ਸਾਰੀਆਂ ਸੋਧਾਂ ’ਚ ਇਹ ਗੱਲ ਸਾਬਤ ਹੋਈ ਹੈ ਕਿ ਜੋ ਮਾਪੇ ਆਪਣੇ ਬੱਚਿਆਂ ਦੇ ਨਾਲ ਬਹੁਤ ਜਿਆਦਾ ਗੱਲਬਾਤ ਜਾਂ ਵਿਚਾਰ ਸਾਂਝੇ ਕਰਦੇ ਹਨ ਉਨ੍ਹਾਂ ਬੱਚਿਆਂ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੁੰਦਾ ਹੈ। ਸਮੇਂ ਦੇ ਨਾਲ ਨਾਲ ਉਨ੍ਹਾਂ ਬੱਚਿਆਂ ’ਚ ਬਿਹਤਰ ਤਰੀਕੇ ਨਾਲ ਗੱਲਬਾਤ ਕਰਨ ਦੀ ਕਲਾ ਵੀ ਵਿਕਸਤ ਹੁੰਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਨਾਲ ਹਮੇਸ਼ਾ ਅੱਖ ’ਚ ਅੱਖ ਪਾਕੇ ਗੱਲਬਾਤ ਕਰਨ। ਜਦੋਂ ਵੀ ਬੱਚੇ ਦੂਜੇ ਲੋਕਾਂ ਨਾਲ ਗੱਲਬਾਤ ਕਰਨ ਤਾਂ ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣੋ।ਸਭ ਤੋਂ ਪਹਿਲਾ ਅਤੇ ਅਹਿਮ ਕੰਮ ਹੈ ਕਿ ਬੱਚਿਆਂ ’ਚ ਨਕਰਾਮਕਤਾ ਹਾਵੀ ਨਾ ਹੋਣ ਦਿਓ।ਬੱਚਿਆਂ ਦੇ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੇ ਵਿਚਾਰਾਂ ਅਤੇ ਇੱਛਾ ਨੂੰ ਜਾਣਨ ਦੀ ਕੋਸ਼ਿਸ਼ ਕਰੋ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ। ਅਲੱੜ੍ਹ ਉਮਰ ਦੇ ਬੱਚਿਆਂ ’ਤੇ ਨਜਰ ਜ਼ਰੂਰ ਰੱਖਣੀ ਚਾਹੀਦੀ ਹੈ ਪਰ ਹਰ ਵਕਤ ਉਨ੍ਹਾਂ ਦੇ ਆਲੇਦੁਆਲੇ ਮੰਡਰਾਉਣ ਦੀ ਕੋਸ਼ਿਸ਼ ਨਾ ਕਰੋ। ਬੱਚਿਆਂ ਨੂੰ ਵੀ ਆਪਣੇ ਇਕ ਨਿੱਜੀ ਸਮੇਂ ਦੀ ਜ਼ਰੂਰਤ ਹੁੰਦੀ ਹੈ।ਉਮਰ ਵਧਣ ਦੇ ਨਾਲ ਨਾਲ ਉਨ੍ਹਾਂ ’ਚ ਵੀ ਸਮਝਦਾਰੀ ਆਉਣ ਲੱਗਦੀ ਹੈ।ਜਿਆਦਾ ਰੋਕ ਟੋਕ ਕਰਨ ਦੀ ਥਾਂ ਉਨ੍ਹਾਂ ਨੂੰ ਆਪਣੇ ਫੈਸਲੇ ਲੈਣ ਦਿਓ, ਸਗੋਂ ਫੈਸਲੇ ਲੈਣ ’ਚ ਉਨ੍ਹਾਂ ਦੀ ਮਦਦ ਵੀ ਕਰੋ। ਜੋ ਮਾਪੇ ਹਰ ਵਕਤ ਆਪਣੇ ਬੱਚਿਆਂ ਦੇ ਆਲੇ ਦੁਆਲੇ ਮੰਡਰਾਉਂਦੇ ਰਹਿੰਦੇ ਹਨ ਉਹ ਆਪਣੇ ਬੱਚਿਆਂ ’ਚ ਸਮਾਜਿਕ ਹੁਨਰ ਵਿਕਸਤ ਨਹੀਂ ਹੋਣ ਦਿੰਦੇ। ਜਿਨ੍ਹਾਂ ਮਾਪਿਆਂ ਦੇ ਪਾਲਣ-ਪੋਸ਼ਣ ਦੀ ਸ਼ੈਲੀ ’ਚ ਬੱਚਿਆਂ ’ਤੇ ਕੰਟਰੋਲ ਜਿਆਦਾ ਪਰ ਪਿਆਰ ਘੱਟ ਹੁੰਦਾ ਹੈ, ਉਨ੍ਹਾਂ ਦੇ ਬੱਚੇ ਜਿਆਦਾ ਸਮਾਜਿਕ ਨਹੀਂ ਹੁੰਦੇ।ਅਧਿਅਨਾਂ ਨੇ ਸਿੱਧ ਕੀਤਾ ਹੈ ਕਿ ਬੱਚਿਆਂ ’ਤੇ ਦਬਦਬਾ ਰੱਖਣ ਵਾਲੇ ਮਾਪਿਆਂ ਦੇ ਬੱਚੇ ਅੰਤਰਮੁਖੀ ਹੁੰਦੇ ਹਨ ਅਤੇ ਉਨ੍ਹਾਂ ਦੇ ਬਹੁਤ ਘੱਟ ਦੋਸਤ ਹੁੰਦੇ ਹਨ। ਅਜਿਹੇ ਮਾਪੇ ਆਪਣੇ ਬੱਚਿਆਂ ਨੂੰ ਆਪਸੀ ਗੱਲਬਾਤ ਕਰਨ ਤੋਂ ਨਿਰਾਸ਼ ਕਰਦੇ ਹਨ। ਸਮੇਂ ਦੇ ਨਾਲ ਅਜਿਹੇ ਬੱਚੇ ਅਨੁਸ਼ਾਸਨਹੀਣ, ਬਾਗੀ ਅਤੇ ਵਧੇਰੇ ਹਮਲਾਵਰ ਬਣ ਜਾਂਦੇ ਹਨ। ਸਮੇਂ ਸਿਰ ਬੱਚਿਆਂ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੋ ਤਾਂ ਕਿ ਉਹ ਗਲਤ ਸੰਗਤ ਦੇ ਸ਼ਿਕਾਰ ਨਾ ਹੋ ਸਕਣ।ਬੱਚਿਆਂ ਵਿਚ ਬਾਹਰਲੇ ਲੋਕਾਂ ਨੂੰ ਸਮਝਣ ਦੀ ਕਲਾ ਵਿਕਸਤ ਕਰੋ ਤਾਂਕਿ ਉਹ ਧੋਖੇਬਾਜੀ ਦੇ ਸ਼ਿਕਾਰ ਹੋਣ ਤੋਂ ਬਚ ਸਕਣ।



**ਹਰਪ੍ਰੀਤ ਸਿੰਘ ਬਰਾੜ**
**ਸਿਹਤ ,ਸਿੱਖਿਆ ਅਤੇ ਸਮਾਜਿਕ ਲੇਖਕ**
**ਮੇਨ ਏਅਰ ਫੋਰਸ ਰੋਡ ,ਬਠਿੰਡਾ**

# ਉਮਰ ਤੋਂ ਪਹਿਲਾਂ ਉਮਰ ਲੰਘ ਜਾਣ ਦਾ ਡਰ

ਪਿਛਲੇ ਦਿਨੀਂ ਮਹਾਰਾਸ਼ਟਰ ਦੀ ਔਰੰਗਾਬਾਦ ਡਿਵੀਜਨ ’ਚ ਪੈਂਦੇ ਬੀਡ ਜ਼ਿਲੇ ਦੀ ਇੱਕ ਬਹੁਤ ਹੈਰਤ ਭਰੀ ਅਤੇ ਰੌਂਗਟੇ ਖੜੇ ਕਰਨ ਵਾਲੀ ਰਿਪੋਰਟ ਦੇਖਣ ਨੂੰ ਮਿਲੀ। ਇਸ ਤੋਂ ਪਹਿਲਾਂ ਦੱਸ ਦੇਈਏ ਕਿ 2011 ਦੀ ਜਣਗਣਨਾ ਅਨੁਸਾਰ ਮੁੰਬਈ ਤੋਂ ਕਰੀਬ 450 ਕਿੱਲੋਮੀਟਰ ਦੂਰੀ ’ਤੇ ਸਥਿਤ ਬੀਡ ਜ਼ਿਲੇ ਦੀ ਕੁੱਲ ਆਬਾਦੀ 2585049 ਹੈ ਅਤੇ ਇਥੋਂ ਦੀ ਪੜੇ ਲਿਖੇ ਲੋਕਾਂ ਦੀ ਗਿਣਤੀ (ਲਿਟਰੇਸੀ ਰੇਟ) 68 ਫੀਸਦੀ ਹੈ। ਇਥੇ 1000 ਮਰਦਾਂ ਪਿੱਛੇ 936 ਔਰਤਾਂ ਹਨ। ਖੇਤੀਬਾੜੀ ਇਥੋਂ ਦਾ ਮੁੱਖ ਧੰਦਾ ਹੈ ਜਿੱਥੇ ਸਿੰਜ਼ਾਈ ਲਈ ਜਿਆਦਾਤਰ ਖੇਤਰਾਂ ’ਚ ਬਰਸਾਤਾਂ ’ਤੇ ਨਿਰਭਰ ਕਰਨਾ ਪੈਂਦਾ ਹੈ। ਬੀਡ ਜ਼ਿਲੇ ’ਚ ਹੋਰ ਫਸਲਾਂ ਤੋਂ ਇਲਾਵਾ ਜਿਆਦਾਤਰ ਗੰਨਾ ਬੀਜਿਆ ਜਾਂਦਾ ਹੈ।

ਇਥੇ ਮਰਦਾਂ ਦੇ ਨਾਲ-ਨਾਲ ਜਾਂ ਕਹਿ ਲਈਏ ਕਿ ਉਨਾਂ ਕੋਲ ਔਰਤਾਂ ਵੀ ਮਜ਼ਦੂਰੀ ਕਰਦੀਆਂ ਹਨ। ਉਨਾਂ ਲਈ 2 ਵਕਤ ਦੀ ਰੋਟੀ ਹੀ ਜਿਊਣ ਦਾ ਮਕਸਦ ਹੈ ਜਾਂ ਮਜ਼ਬੂਰੀ ਹੈ, ਕਿਉਂਕਿ ਢਿੱਡ ਤਾਂ ਹਰੇਕ ਨੇ ਭਰਨਾ ਹੀ ਹੈ। ਸਮਾਜ ਵੱਲੋਂ ਬੰਦਿਸ਼ਾਂ ਰੂਪੀ ਕੰਡਿਆਲੀਆਂ ਤਾਰਾਂ ਨੂੰ ਦੰਦਾਂ ਨਾਲ ਕੱਟਣ ਦਾ ਸਫ਼ਰ ਔਰਤ ਦੇ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਸਰਕਾਰਾਂ ਵੱਲੋਂ ਰੋਕਾਂ ਦੇ ਬਾਵਜੂਦ ਨਿੱਜੀ ਖੇਤਰ ’ਚ ਸੋਸ਼ਣ ਤਾਂ ਹਰ ਥਾਂ ਹੀ ਹੁੰਦਾ ਹੈ ਪਰ ਇਥੇ ਔਰਤਾਂ ’ਤੇ ਹੋ ਰਿਹਾ ਸੋਸ਼ਣ ਸਭ ਹੱਦ ਬੰਨੇ ਪਾਰ ਕਰ ਗਿਆ ਹੈ, ਜਿਸ ਬਾਰੇ ਮਾੜੀ ਮੋਟੀ ਜ਼ਮੀਰ ਜਾਗਦਾ ਇੰਨਸਾਨ ਤਾਂ ਸੋਚ ਵੀ ਨਹੀਂ ਸਕਦਾ। ਹੁਣ ਗੱਲ ਕਰਦੇ ਹਾਂ ਉਸ ਰਿਪੋਰਟ ਦੀ, ਸੋਸ਼ਲ ਮੀਡੀਆ ’ਤੇ ‘ਵੇਦਾਂਤ ਸ਼ਬਦ’ ਪੇਜ਼ ਉਤੇ ‘ਦਾ ਨੇਕਡ ਗਾਡ’ ਨਾਮਕ ਇੱਕ ਪੋਸਟ ਪਾਈ ਗਈ ਹੈ। ਅੰਕੜਿਆਂ ਅਨੁਸਾਰ ਬੀਡ ਜ਼ਿਲੇ ’ਚ ਖਾਸਕਰ ਇਥੋਂ ਦੇ ਪੇਂਡੂ ਖੇਤਰਾਂ ’ਚ ਔਰਤਾਂ ਗੰਨੇ ਦੇ ਖੇਤਾਂ ਵਿੱਚ ਕੰਮ ਕਰਦੀਆਂ ਹਨ। ਇਨਾਂ ਔਰਤਾਂ ਦੀ 20-30 ਸਾਲ ਦੀ ਉਮਰ ਵਿੱਚ ਬੱਚੇਦਾਨੀ ਕੱਢ ਦਿੱਤੀ ਜਾਂਦੀ ਹੈ। ਪਰ ਅਜਿਹਾ ਕਿਉਂ, ਕਾਰਨ ਵੀ ਜਾਣ ਲੈਂਦੇ ਹਾਂ। ਉਨਾਂ ਦੇ ਆਪਣੇ ਵੱਖ-ਵੱਖ ਕਾਰਨ ਹਨ। ਆਪਣੀ ਸਮਰੱਥਾ ਤੋਂ ਕਈ ਗੁਣਾਂ ਵੱਧ ਭਾਰ ਚੁਕਣ ਕਾਰਨ ਉਨਾਂ ਦੇ ਢਿੱਡੀਂ ਦਰਦ ਸ਼ੁਰੂ ਹੋ ਜਾਂਦੇ ਹਨ। ਪੇਟ ਦੇ ਇਹ ਦਰਦ ਵੱਧਦੇ ਜਾਂਦੇ ਹਨ ਤੇ ਉਹ ਮਜ਼ਦੂਰ ਔਰਤਾਂ ਆਪਣਾ ਉਹੀ ਪੇਟ ਭਰਨ ਲਈ ਦਰਦ ਨਿਵਾਰਕ ਗੋਲੀਆਂ ਖਾ ਕੇ ਡੰਗ ਟਪਾਉਂਦੀਆਂ ਹਨ। ਜਦੋਂ ਦਰਦ ਅਸਹਿ ਹੋ ਜਾਂਦੇ ਹਨ ਤਾਂ ਡਾਕਟਰ ਅਪਰੇਸ਼ਨ ਕਰਕੇ ਬੱਚੇਦਾਨੀ ਕੱਢ ਦਿੰਦੇ ਹਨ।

ਔਰਤਾਂ ਦੀ ਕੁਦਰਤੀ ਪ੍ਰਕਿਰਿਆ ਮਹਾਂਵਾਰੀ (ਪੀਰੀਅਡਸ) ਦੌਰਾਨ ਛੁੱਟੀ ਲੈਣ ’ਤੇ ਉਨਾਂ ਦੀ ਮਜ਼ਦੂਰੀ ਦੇ ਪੈਸੇ ਕੱਟੇ ਜਾਂਦੇ ਹਨ। ਹਰ ਮਹੀਨੇ 4-5 ਦਿਨਾਂ ਲਈ ਉਨਾਂ ਨੂੰ ਇਹ ਘਾਟਾ ਝੱਲਣਾ ਪੈਂਦਾ ਹੈ। ਇਸ ਤੋਂ ਇਲਾਵਾ ਮਜਬੂਰੀ ਵੱਸ ਉਨਾਂ ਨੂੰ ਮਜਦੂਰੀ ਕਰਨ ਲਈ ਦੂਜੇ ਖੇਤਰਾਂ ਜਾਂ ਨੇੜਲੇ ਸੂਬਿਆਂ ’ਚ ਵੀ ਜਾਣਾ ਪੈਂਦਾ ਹੈ, ਜਿੱਥੇ ਛੇੜਛਾੜ ਅਤੇ ਬਲਾਤਕਾਰ ਵਰਗੀਆਂ ਗੰਭੀਰ ਘਟਨਾਵਾਂ ਦਾ ਵਰਤਾਰਾ ਆਮ ਗੱਲ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਅਜਿਹੀਆਂ ਔਰਤਾਂ ਨੇ ਖੁਦ ਹੀ ਆਪਣੀ ਬੱਚੇਦਾਨੀ ਨੂੰ ਕਢਵਾਉਣਾ ਸੁਰੂ ਕਰ ਦਿੱਤਾ। ਸੂਬੇ ਦੇ ਬੀਡ ਜ਼ਿਲੇ ਦੇ ਕਈ ਇਲਾਕੇ ਹੁਣ ਕੁੱਖ ਤੋਂ ਸੱਖਣੀਆਂ ਔਰਤਾਂ ਵਾਲੇ ਪਿੰਡ ਕਹੇ ਜਾਂਦੇ ਹਨ। ਸਾਲ 2016 ਤੋਂ ਹੁਣ ਤੱਕ ਇਸ ਤਰਾਂ ਕਰੀਬ 4000 ਤੋਂ ਵੱਧ ਔਰਤਾਂ ਦੀ ਬੱਚੇਦਾਨੀ ਕੱਢੀ ਜਾ ਚੁੱਕੀ ਹੈ।



**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ੍ਹਾ ਫ਼ਤਿਹਗੜ ਸਾਹਿਬ**
**ਮੋਬਾਈਲ ਨੰ: 9888940211**

ਇੱਕ ਮਜ਼ਦੂਰ ਔਰਤ ਅਨੁਸਾਰ ਜਦੋਂ ਉਸਦਾ ਵਿਆਹ ਹੋਇਆ ਤਦ ਉਹ 14 ਸਾਲ ਦੀ ਸੀ। ਵਿਆਹ ਉਪਰੰਤ ਗੰਨਾ ਵੱਢਣ ਲਈ ਆਪਣੇ ਪਤੀ ਨਾਲ ਦੱਖਣ ਵੱਲ ਜਾਣਾ ਪਿਆ। ਉਥੇ ਖਾਲੀ ਖੇਤ ਵਿੱਚ ਟੀਨ ਦੀ ਝੌਂਪੜੀ ਸੀ, ਜਿਥੇ ਦਰਵਾਜੇ ਦਾ ਕੰਮ ਸਾੜੀ ਦਾ ਪਰਦਾ ਹੀ ਕਰਦਾ ਸੀ। ਠੇਕੇਦਾਰ ਉਜਾੜ ਦੇਖ ਅਕਸਰ ਕਮਰੇ ’ਚ ਆਉਂਦਾ ਤੇ ਉਨਾਂ ਨੂੰ ਨੋਚ ਕੇ ਚਲਾ ਜਾਂਦਾ ਸੀ। ਪੇਟ ਦੀ ਭੁੱਖ ਕਾਰਨ ਉਹ ਕੁਝ ਵੀ ਨਹੀਂ ਕਰ ਸਕਦੀਆਂ ਸਨ। ਹੋਰ ਤਾਂ ਹੋਰ, ਉਹ ਦਿਲੋਂ ਰੋ ਵੀ ਨਹੀਂ ਸੀ ਸਕਦੀਆਂ, ਕਿਉਂਕਿ ਭੁੱਖੇ ਢਿੱਡਾਂ ਦਾ ਡਰ ਅਕਸਰ ਜੁਬਾਨ ਨੂੰ ਵੱਢ ਦਿੰਦਾ ਹੈ।

ਇੱਕ ਦਿਨ ਉਹ ਪੇਟ ਤੋਂ ਹੋ ਗਈ। ਸੱਤਵਾਂ ਮਹੀਨਾ ਚੱਲ ਰਿਹਾ ਸੀ, ਜਦੋਂ ਉਸਨੂੰ ਪਿੰਡ ਪਰਤਣ ਦਾ ਅਹਿਸਾਸ ਹੋਇਆ। ਉਸਦੇ ਪਤੀ ਨੇ ਠੇਕੇਦਾਰ ਨਾਲ ਗੱਲ ਕੀਤੀ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਕਹਿੰਦਾ ਪਹਿਲਾਂ ਕੰਮ ਕਰੋ, ਫਿਰ ਪਿੰਡ ਜਾਣ ਦੀ ਗੱਲ ਕਰਨਾ। ਉਸਦੇ ਪਤੀ ਨੇ ਜਿੰਨੀਆਂ ਮਿੰਨਤਾਂ ਕੀਤੀਆਂ, ਠੇਕੇਦਾਰ ਓਨਾ ਹੀ ਹੰਕਾਰ ਨਾਲ ਬੋਲਦਾ ਗਿਆ। ਉਸਨੂੰ ਗਰਭਵਤੀ ਹਾਲਤ ’ਚ ਕੁਟਿਆ ਵੀ, ਪਰ ਉਹ ਕੁਝ ਨਹੀਂ ਕਰ ਸਕੇ, ਉਥੇ ਹੀ ਰਹਿਣਾ ਪਿਆ। ਉਤੋਂ ਕਹਿੰਦਾ ਜੇ ਵਾਪਸ ਚਲੇ ਗਏ ਤਾਂ ਕੀ ਖਾਓਗੇ ? ਪਿੰਡ ਵਿੱਚ ਨਾ ਤਾਂ ਕੋਈ ਖੇਤ ਹੈ ਅਤੇ ਨਾ ਹੀ ਕੋਈ ਫੈਕਟਰੀ। 8ਵਾਂ ਮਹੀਨਾ ਲੱਗੇ ਹੋਣ ’ਤੇ ਵੀ ਰੋਜਾਨਾ 3000 ਕਿਲੋ ਗੰਨਾ ਟਰੱਕ ਵਿੱਚ ਲੱਦਣਾ ਪੈਂਦਾ ਸੀ। ਕੱਚੀ ਲੱਕੜ ਦੀ ਪੌੜੀ ’ਤੇ ਚੜਦਿਆਂ ਪੈਰਾਂ ਨਾਲੋਂ ਜਿਆਦਾ ਦਿਲ ਕੰਬਦਾ ਸੀ। ਉਹ ਦੱਸਦੀ ਹੈ ਕਿ ਹੁਣ ਸਾਰੀ ਪਰੇਸ਼ਾਨੀ ਖਤਮ ਹੋ ਗਈ ਹੈ। 30 ਸਾਲ ਦੀ ਉਮਰ ਵਿੱਚ ਬੱਚੇਦਾਨੀ ਕਢਵਾ ਦਿੱਤੀ ਗਈ ਸੀ। ਹੁਣ ਕੋਈ ਮਾਹਵਾਰੀ ਨਹੀਂ ਹੋਵੇਗੀ। ਕੋਈ ਛੁੱਟੀ ਨਹੀਂ ਲੈਣੀ ਪਵੇਗੀ ਅਤੇ ਨਾ ਹੀ ਬੱਚਾ ਹੋਣ ਦਾ ਡਰ ਹੋਵੇਗਾ।

ਬੀਡ ਜ਼ਿਲੇ ਦੀ ਕੈਜ਼ ਤਹਿਸੀਲ ਦੇ ਸ਼ਿੰਦੀ ਪਿੰਡ ਦੀ ਇੱਕ ਮਜ਼ਦੂਰ ਔਰਤ ਇੱਕ ਦਿਨ ਟਰੱਕ ’ਤੇ ਗੰਨਾ ਭਰਨ ਦੌਰਾਨ ਲੱਕੜ ਦੀ ਪੌੜੀ ਤੋਂ ਹੇਠਾਂ ਡਿੱਗ ਗਈ, ਜਿਸਨੂੰ ਪੇਟ ’ਚ ਬਹੁਤ ਸੱਟਾਂ ਲੱਗੀਆਂ। ਹਸਪਤਾਲ ਲਿਜਾਣ ’ਤੇ ਡਾਕਟਰ ਨੇ ਦੱਸਿਆ ਕਿ ਪੌੜੀ ਤੋਂ ਡਿੱਗਣ ਕਾਰਨ ਉਸਦੀ ਬੱਚੇਦਾਨੀ ਨੁਕਸਾਨੀ ਗਈ ਹੈ, ਜਿਸਨੂੰ ਹੁਣ ਕਢਵਾਉਣਾ ਪਵੇਗਾ। ਭਵਿੱਖ ’ਚ ਉਹ ਬੋਝ ਭਾਰ ਵਾਲਾ ਕੰਮ ਕਰਨ ਤੋਂ ਵੀ ਅਸਮਰਥ ਰਹੇਗੀ।

ਕੈਜ਼ ਤਹਿਸੀਲ ’ਚ ਹੀ ਪੈਂਦੇ ਪਿੰਡ ਮਸਾਜੋਗ ਦੀ ਇੱਕ ਔਰਤ ਗੰਨੇ ਦੀ ਕਟਾਈ ਦਾ ਕੰਮ ਕਰਦੀ ਸੀ ਤੇ ਉਸਦਾ ਪਤੀ ਗੰਨੇ ਦਾ ਟਰੱਕ ਚਲਾਉਂਦਾ ਸੀ। ਇੱਕ ਦਿਨ ਅਚਾਨਕ ਉਸ ਦੇ ਪਤੀ ਦੀ ਐਕਸੀਡੈਂਟ ’ਚ ਮੌਤ ਹੋ ਗਈ। ਹੁਣ ਪੂਰੇ ਪਰਿਵਾਰ ਦੀ ਜਿੰਮੇਵਾਰੀ ਉਸਦੇ ਮੋਢਿਆਂ ’ਤੇ ਹੈ। ਉਸਨੇ ਆਪਣੀ ਰੋਜਾਨਾ ਦੀ ਨੌਕਰੀ ਜਾਰੀ ਰੱਖੀ, ਪਰ ਅਚਾਨਕ ਉਸਦੇ ਪੇਟ ਵਿੱਚ ਤੇਜ ਦਰਦ ਮਹਿਸੂਸ ਹੋਣ ਲੱਗੇ। ਡਾਕਟਰ ਦੀ ਸਲਾਹ ਅਨੁਸਾਰ ਉਸਦੀ ਬੱਚੇਦਾਨੀ ਕੱਢਣੀ ਪਈ।

10 ਸਾਲਾਂ ਦੀ ਉਮਰ ’ਚ ਵਿਆਹੀ ਤੇ 12 ਦੀ ਉਮਰ ਤੋਂ ਸ਼ੂਗਰ ਫੈਕਟਰੀ ’ਚ ਗੰਨੇ ਦੀ ਕਟਾਈ ਕਰਨ ਵਾਲੀ ਢਾਕੇਫਲ ਪਿੰਡ ਦੀ 2 ਬੱਚਿਆਂ ਦੀ ਮਾਂ ਨੂੰ ਮਹਾਵਾਰੀ ਦੌਰਾਨ ਦਰਦ ਹੋਣ ਲੱਗੇ। ਉਸਨੂੰ ਵੀ ਡਾਕਟਰਾਂ ਨੇ ਬੱਚੇਦਾਨੀ ਕੱਢਵਾਉਣ ਲਈ ਕਿਹਾ। ਅਪਰੇਸ਼ਨ ਲਈ ਉਸਨੂੰ ਆਪਣੀ ਜ਼ਮੀਨ ਵੇਚਣੀ ਪਈ।

ਛਿੰਛੋਲੀ ਪਿੰਡ ਦੀ 16 ਸਾਲ ਦੀ ਉਮਰ ’ਚ ਵਿਆਹੀ ਇੱਕ ਲੜਕੀ 3 ਸਾਲਾਂ ’ਚ 3 ਬੱਚਿਆਂ ਦੀ ਮਾਂ ਬਣੀ। ਮਜ਼ਦੂਰੀ ਕਰਦਿਆਂ ਪੇਟ ਦਰਦ ਸ਼ੁਰੂ ਹੋ ਗਏ। ਡਾਕਟਰਾਂ ਤੋਂ ਇਲਾਜ ਕਰਵਾਉਣ ਦੀ ਬਜਾਏ ਪੇਨਕਿਲਰ ਖਾਂਦੀ ਰਹੀ, ਜਦੋਂ ਦਰਦ ਅਸਹਿ ਹੋ ਗਏ ਤਾਂ 21 ਸਾਲਾਂ ਦੀ ਉਮਰ ’ਚ ਬੱਚੇਦਾਨੀ ਕੱਢਵਾਉਣੀ ਪਈ।

ਕੈਜ਼ ਦੀ ਰਹਿਣ ਵਾਲੀ ਇੱਕ ਹੋਰ ਔਰਤ, ਜਿਸਦਾ 17 ਸਾਲ ਦੀ ਉਮਰੇ ਵਿਆਹ ਹੋਇਆ, ਉਪਰੰਤ ਤਿੰਨੇ ਬੱਚੇ ਸਜ਼ੇਰੀਅਨਾਂ ਰਾਹੀ ਹੋਏ। 22 ਸਾਲਾਂ ਦੀ ਉਮਰ ’ਚ ਉਸਦੀ ਬੱਚੇਦਾਨੀ ਕੱਢਣੀ ਪਈ। ਸਰਵੇ ਅਨੁਸਾਰ ਉਨਾਂ ਦੇ ਪਰਿਵਾਰਾਂ ਵੱਲੋਂ ਸਹਿਯੋਗ ਦੀ ਥਾਂ ਅਪਰੇਸ਼ਨ ਤੋਂ ਤੁਰੰਤ ਬਾਅਦ ਕੰਮ ਕਰਨ ਲਈ ਦਬਾਅ ਪਾਇਆ ਜਾਂਦਾ ਹੈ, ਤਾਂ ਜੋ ਇਲਾਜ਼ ’ਤੇ ਲੱਗੇ ਪੈਸੇ ਦੀ ਜਲਦ ਪੂਰਤੀ ਕੀਤੀ ਜਾ ਸਕੇ। ਛੋਟੀ ਉਮਰ ’ਚ ਵਿਆਹ ਹੋ ਜਾਣਾ ਤੇ ਮਾਂ ਬਣਨਾ, ਹੱਦੋਂ ਵੱਧ ਸਰੀਰਕ ਕੰਮ ਕਰਨਾ, ਜਾਗਰੂਕਤਾ ਦੀ ਘਾਟ ਤੇ ਅਨਪੜਤਾ ਇਨਾਂ ਦੇ ਮੁੱਖ ਕਾਰਨ ਹਨ। ਔਰਤਾਂ ਵਿਰੁੱਧ ਹਿੰਸਾ ਅਤੇ ਬਚਾਅ ਲਈ ਹੋਰ ਸੰਘਰਸ਼ ਉਨਾਂ ਨੂੰ ਭੀਖ ਮੰਗਣ ਤੋਂ ਇਲਾਵਾ ਵੇਸਵਾਪੁਣੇ ਵੱਲ ਜਾਣ ਲਈ ਵੀ ਮਜਬੂਰ ਕਰਦਾ ਹੈ। ਮੁਤੱਸਬੀ ਦੰਗੇ ਦਿੱਲੀ ਦੇ ਹੋਣ ਜਾਂ ਗੁਜਰਾਤ ਦੇ, ਕਸ਼ਮੀਰ ਦੀ ਲੜਾਈ ਹੋਵੇ, ਅਫ਼ਗਾਨ ਦੀ, ਰੂਸ ਦੀ ਜਾਂ ਯੂਕਰੇਨ ਦੀ, ਅਮਰੀਕਾ ਦੀ, ਈਰਾਨ ਜਾਂ ਪਾਕਿਸਤਾਨ ਦੀ, ਭਾਰਤ ਜਾਂ ਚੀਨ ਦੀ, ਬਾਹਰੀ ਹਮਲੇ ਦੇ ਨਾਲ ਇੱਕ ਅੰਦਰੂਨੀ ਹਮਲਾ ਵੀ ਹੁੰਦਾ ਹੈ, ਜੋ ਸਭ ਤੋਂ ਪਹਿਲਾਂ ਔਰਤਾਂ ਦੀ ਆਬਰੂ ’ਤੇ ਹੁੰਦਾ ਹੈ। ਬੰਬਾਂ, ਰਫ਼ਲਾਂ, ਬੰਦੂਕਾਂ, ਤੋਪਾਂ, ਗੋਲਿਆਂ ਦੇ ਨਾਲ-ਨਾਲ ਲਿੰਗਾਂ ਦਾ ਵੀ ਵਾਰ ਚੱਲਦਾ ਹੈ। ਔਰਤਾਂ ਦਾ ਬਦਨ ਲੜਾਈ ਦਾ ਮੈਦਾਨ ਬਣਦਾ ਹੈ, ਜਿੱਥੇ ਇੱਕ-ਪਾਸੜ ਲੜਾਈ ਹੁੰਦੀ ਹੈ। ਦੇਸ਼ ਦੀਆਂ ਸਰਹੱਦਾਂ ’ਤੇ ਰਾਖੀ ਕਰਦੇ ਫ਼ੌਜੀਆਂ ਦੀ ਰੱਤ ਡੁੱਲਦੀ ਹੈ ਤੇ ਔਰਤਾਂ ਦੀ ਇੱਜਤ ਪੱਤ ਰੁਲਦੀ ਹੈ, ਜਿੱਥੇ ਲੁੱਟ ਦੇ ਮਾਲ ਦੇ ਨਾਲ ਔਰਤ ਵੀ ਲੁੱਟੀ ਜਾਂਦੀ ਹੈ।

ਸਮਾਜ ਸੇਵੀ ਮਨੀਸ਼ਾ ਸੀਤਾਰਾਮ ਘੁਲੇ ਤੇ ਉਸਦੀ ਸਮੁੱਚੀ ਟੀਮ ਅਜਿਹੀਆਂ ਔਰਤਾਂ ਨੂੰ ਆਤਮਨਿਰਭਰ ਬਣਾਉਣ ਲਈ ਵੱਡੇ ਪੱਧਰ ’ਤੇ ਕੰਮ ਕਰ ਰਹੀ ਹੈ। ਉਹ ਕਹਿੰਦੀ ਹੈ ਕਿ ਗੰਨੇ ਦੇ ਖੇਤਾਂ ਵਿੱਚ ਕੰਮ ਕਰਦੇ ਸਮੇਂ ਕਈ ਔਰਤਾਂ ਨਾਲ ਕਈ ਵਾਰ ਬਲਾਤਕਾਰ ਹੁੰਦਾ ਹੈ ਪਰ ਉਹ ਆਪਣੇ ਪਤੀ ਨੂੰ ਦੱਸ ਵੀ ਨਹੀਂ ਸਕਦੀਆਂ। ਉਨਾਂ ਨੂੰ ਡਰ ਹੁੰਦਾ ਹੈ ਕਿ ਹੈ ਿਕ ਉਸ ਦਾ ਪਤੀ ਉਸ ’ਤੇ ਦੋਸ਼ ਲਗਾਏਗਾ। ਕਈਆਂ ਨਾਲ ਅਜਿਹਾ ਹੀ ਹੋਇਆ ਹੈ। ਇਸਲਈ ਉਹ ਔਰਤਾਂ ਚੁੱਪ ਰਹਿੰਦੀਆਂ ਹਨ। ਬੱਚੇਦਾਨੀ ਨੂੰ ਕੱਢਣ ਦਾ ਇਹ ਵੀ ਇੱਕ ਵੱਡਾ ਕਾਰਨ ਹੈ। ਬੱਚਾ ਹੋਣ ਦਾ ਡਰ ਖਤਮ ਹੋ ਜਾਂਦਾ ਹੈ ਤੇ ਪੀਰੀਅਡਸ ਦੀ ਪਰੇਸ਼ਾਨੀ ਦੂਰ ਹੋ ਜਾਂਦੀ ਹੈ। ਪਰ ਇਹ ਇੱਕ ਵੱਖਰੀ ਗੱਲ ਹੈ ਕਿ ਇਸ ਉਪਰੰਤ ਇੱਕ ਨਵਾਂ ਦਰਦ ਸ਼ੁਰੂ ਹੋ ਜਾਂਦਾ ਹੈ - ਉਮਰ ਤੋਂ ਪਹਿਲਾਂ ਉਮਰ ਲੰਘ ਜਾਣ ਦਾ ਡਰ।

# “ ਤੂੰ ਬਦਲ ਗਈ ਮਾਸੀ.....” ( ਕਹਾਣੀ)

ਬਾਪੂ ਨੂੰ ਨਾਮੁਰਾਦ ਬਿਮਾਰੀ ਨੇ ਘੇਰ ਲਿਆ ਸੀ।ਛੇ ਮਹੀਨਿਆਂ ਵਿਚ ਹੀ ਬਾਪੂ ਸੁੱਕ ਕੇ ਤੀਲਾ ਬਣ ਗਿਆ ਸੀ। ਬਹੁਤ ਸਾਰੇ ਡਾਕਟਰਾਂ ਨੂੰ ਦਿਖਾਇਆ ਪਰ ਹਰ ਪਾਸਿਓਂ ਜਵਾਬ ਹੀ ਮਿਲਿਆ।ਅਖੀਰ ਅੱਜ ਬਾਪੂ ਨੇ ਲੰਮੀਆਂ ਤਾਣ ਲਈਆਂ ਸਨ। ਸਕੀਰੀਆਂ ਵਿੱਚ ਫੋਨ ਕੀਤੇ ਜਾ ਰਹੇ ਸਨ। ਮਾਂ ਨੇ ਸੱਥਰ ਉੱਤੇ ਬੈਠੀ ਨੇ ਅਵਾਜ ਦਿੱਤੀ,“ਪੱਖੋਂ ਵੀ ਫੋਨ ਕਰ ਦਿਓ ਤੇਜ ਨੂੰ“। ਤੇਜ ਮਾਸੀ ਤੇ ਬਾਪੂ ਮੇਰੇ ਚੇਤਿਆਂ ਵਿੱਚ ਵਹਿਣ ਲੱਗੇ।

ਬਾਪੂ ਬਹੁਤ ਸੌਕੀਨ ਸੀ ਪਰ ਥੋੜ੍ਹਾ ਕੱਬੇ ਸੁਭਾਅ ਦਾ ਸੀ। ਮਾਂ ਦੀ ਕੀ ਮਜਾਲ ਸੀ ਕਿ ਘਰੋਂ ਪੈਰ ਬਾਹਰ ਵੀ ਧਰ ਲੈਂਦੀ ,ਪਰ ਮਾਂ ਦੀ ਹਰ ਖਾਹਿਸ ਬਾਪੂ ਨੇ ਪੂਰੀ ਕੀਤੀ ਸੀ। ਬਾਪੂ ਦੀ ਹਰ ਗੱਲ ਮੇਰੇ ਚੇਤਿਆਂ ਵਿੱਚੋਂ ਅੱਖਾਂ ਰਾਹੀਂ ਵਹਿਣ ਲੱਗੀ।

“ ਮੈਡਮ, ਮੇਰੀ ਖਾਕੀ ਪੈਂਟ ਤੇ ਮੋਟੇ ਚੈੱਕ ਵਾਲੀ ਨਾਭੀ ਤੇ ਕਰੀਮ ਰੰਗ ਦੀ ਸਰਟ ਪ੍ਰੈੱਸ ਕਰ ਦੇਣਾ “

“ ਅੱਜ ਤਾਂ ਐਤਵਾਰ ਆ , ਸਕੂਲ ਤਾਂ ਜਾਣਾ ਨਹੀਂ, “ ।ਮਾਂ ਨੇ ਹੈਰਾਨਗੀ ਪ੍ਰਗਟ ਕਰਦਿਆਂ ਕਿਹਾ।“ ਬਠਿੰਡੇ ਜਾਣਾ ?

“ਨਹੀਂ ਘਰ ਹੀ ਹਾਂ “ । ਬਾਪੂ ਨੇ ਮੋੜਵਾਂ ਜਵਾਬ ਦਿੱਤਾ। ਬਾਪੂ ਅਕਸਰ ਮਾਂ ਨੂੰ ਮੈਡਮ ਕਹਿ ਕੇ ਬੁਲਾਉਂਦਾ। ਇੱਕ ਵਾਰ ਮਾਂ ਤੇ ਬਾਪੂ ਨਾਨਕੇ ਗਏ। ਬਾਪੂ ਨੇ ਸੁਭਾਅ ਮੁਤਾਬਿਕ ਮਾਂ ਨੂੰ ਮੈਡਮ ਕਹਿ ਦਿੱਤਾ ਤਾਂ ਨਾਨੀ ਨੇ ਬਹੁਤ ਬੁਰਾ ਮਨਾਇਆ,ਕਿ “ਸਾਊ, ਪਹਿਲਾਂ ਛੱਤੜੇ ਦੀਆਂ ਸਤੀਰੀਆਂ ਬਦਲ, ਫਿਰ ਮਾਡਮ , ਮੂਡਮ ਕਹੀਂ“ ।ਨਾਨੀ ਦੀ ਕਹੀ ਗੱਲ ਬਾਪੂ ਦੇ ਤੀਰ ਵਾਂਗ ਲੱਗੀ।

ਬਾਪੂ ਦੀ ਨਾਭੀ ਚੈੱਕ ਵਾਲੀ ਕਮੀਜ ਤੇ ਕਰੀਮ ਪੈਂਟ ਮਨ ਪਸੰਦੀਦਾ ਸੀ।ਖੁਸੀ ਮੌਕੇ ਬਾਪੂ ਅਕਸਰ ਇਹ ਹੀ ਪਹਿਨਦਾ ਸੀ। ਹਰ ਐਤਵਾਰ ਨੂੰ ਬਾਪੂ ਨੇ ਬਠਿੰਡੇ ਜਾਣਾ ਹੁੰਦਾ। ਬਸ ਅੱਡੇ ਤੋਂ ਤੁਰ ਕੇ ਬਜਾਰ ਵਿੱਚ ਦੀ ਹੁੰਦੇ ਹੋਏ, ਧੋਬੀ ਬਜਾਰ ਜਾਣਾ ਤੇ ਫਿਰ ਗਾਂਧੀ ਮਾਰਕੀਟ ਲੰਘ ਕੇ ਪੁਰਾਣੇ ਗੀਤਾਂ ਦੀ ਦੁਕਾਨ ਤੇ ਜਾਣਾ ।ਬਾਪੂ ਨੂੰ ਪੁਰਾਣੇ ਗੀਤ ਬਹੁਤ ਪਸੰਦ ਸਨ।ਉੱਥੇ ਦਸ ਮਿੰਟ ਰੁਕ ਕੇ ਪੁਰਾਣੇ ਗਾਣਿਆਂ ਦੇ ਤਵੇ ਜੇ ਪਸੰਦ ਆਉਣੇ ਤਾਂ ਖਰੀਦਣਾ ਨਹੀਂ ਤਾਂ ਫਿਰ ਰੇਲਵੇ ਸਟੇਸਨ ਵੱਲ ਨੂੰ ਹੋ ਤੁਰਨਾ। ਪਹਿਲਾਂ ਸਾਰੇ ਰੇਲਵੇ ਸਟੇਸਨ ਦਾ ਚੱਕਰ ਲਾਉਣਾ, ਫਿਰ ਰੇਲ ਦੀ ਉਡੀਕ ਕਰ ਰਹੀਆਂ ਸਵਾਰੀਆਂ ਨੂੰ ਗਹੁ ਨਾਲ ਤੱਕਣਾ,ਹਰ ਚਿਹਰੇ ਨੂੰ ਅੰਦਰ ਤੱਕ ਪੜ੍ਹਨਾ। ਫਿਰ ਪਲੇਟਫਾਰਮ ਦੀ ਟਿਕਟ ਲੈ ਕੇ ਪਲੇਟਫਾਰਮ ਤੇ ਜਾਣਾ, ਕਿੰਨਾ ਚਿਰ ਆਉਂਦੀਆਂ ਜਾਂਦੀਆਂ ਸਵਾਰੀਆਂ ਨੂੰ ਨਿਹਾਰਨਾ । ਕਣਕਵਾਲ ਨੂੰ ਜਾਣ ਵਾਲੀ ਰੇਲ ਕੋਲ ਜਾਣਾ, ਅਤੇ ਪਥਰਾਈਆਂ ਅੱਖਾਂ ਨਾਲ ਕਿੰਨ੍ਹਾ ਸਮਾਂ ਦੇਖਦੇ ਰਹਿਣਾ। ਕਣਕਵਾਲ ਬਾਪੂ ਦੇ ਨਾਨਕੇ ਸਨ ਤੇ ਬਚਪਨ ਨਾਨਕੇ ਹੀ ਬੀਤਿਆ ਸੀ।ਰੇਲਵੇ ਸਟੇਸਨ ਤੋਂ ਚੱਕਰ ਮਾਰ ਕੇ ਗੋਲਡੱਗੀ ਕੋਲ ਦੀ ਹੁੰਦਿਆਂ ਪੁਰਾਣੇ ਬੱਸ ਅੱਡੇ ਕੋਲ ਆ ਪਿੰਡ ਵਾਲੀ ਬੱਸ ਆ ਚੜ੍ਹਨਾ।

ਮਾਂ ਹੈਰਾਨ ਸੀ ਕਿ “ਅੱਜ ਤਾਂ ਬਠਿੰਡੇ ਵੀ ਨਹੀਂ ਜਾਣਾ ? ਫਿਰ ਅੱਜ ਕਿੱਥੋਂ ਦੀਆਂ ਤਿਆਰੀਆਂ ਕਰੀ ਬੈਠਾ।“ ਮਾਂ ਦੀ ਸੋਚ ਕਿਸੇ ਸਾਹਿਤਕ ਸਮਾਗਮ ਵੱਲ ਨੂੰ ਹੋ ਤੁਰਦੀ ,ਕਿ ਹੋ ਸਕਦਾ ਕਿਸੇ ਸਿਰ ਖਪਾਈ ਵਾਲੀ ਜਗ੍ਹਾ ਜਾਣਾ ਹੋਵੇ।ਮਾਂ, ਅਨਪੜ੍ਹ ਹੋਣ ਕਰਕੇ ਬਾਪੂ ਦੇ ਸਾਹਿਤਕ ਸਮਾਗਮਾਂ ਤੇ ਜਾਣ ਨੂੰ ਸਿਰਖਪਾਈ ਤੇ ਵਿਹਲੜਾਂ ਦਾ ਕਿੱਤਾ ਹੀ ਸਮਝਦੀ ਅਤੇ ਕਹਿੰਦੀ ਕਿ“ ਅੱਜ ਤੱਕ ਕੀ ਬਦਲਿਆ ? ਮੈਨੂੰ ਤਾਂ ਸਮਝ ਨਹੀਂ ਆਉਂਦੀ ਇਹ ਵਿਹਲੜ ਕੱਠੇ ਹੋ ਕੇ ਐਵੇਂ ਦਿਮਾਗ ਖਰਾਬ ਕਰਦੇ ਨੇ। ਮਹਿੰਗਾਈ ਤਾਂ ਅੱਗੇ ਨਾਲੋਂ ਵੀ ਪਰਾਲੀ ਦੀ ਅੱਗ ਵਾਂਗ ਵਧਦੀ ਹੀ ਜਾਂਦੀ ਆ,ਰੁਕਣ ਦਾ ਨਾਂ ਹੀ ਨਹੀਂ ਲੈਂਦੀ“ । ਅੱਜ ਉਸਦੇ ਚੇਤਿਆਂ ਵਿੱਚੋਂ ਵਿਸਰ ਗਿਆ ਸੀ ਕਿ ਪਰਸੋਂ ਪੱਖੋ ਕਲਾਂ ਵਾਲੀ ਤੇਜ ਮਾਸੀ ਦਾ ਫੋਨ ਆਇਆ ਸੀ, ਕਿ ਅੱਜ ਉਸ ਨੇ ਆਉਣਾ ਸੀ। ਜਦੋਂ ਮਾਸੀ ਨੇ ਆਉਣਾ ਹੁੰਦਾ ਬਾਪੂ ਦਾ ਧਰਤੀ ਪੈਰ ਨਾ ਲੱਗਦਾ।ਬਾਪੂ ਤੋਂ ਖੁਸੀ ਸੰਭਾਲੀ ਨਾ ਜਾਂਦੀ। ਸਵੇਰੇ ਹੀ ਨਹਾ ਧੋ ਕੇ ਹਵਾ ਪਿਆਜੀ ਪੱਗ ਬੰਨ੍ਹ, ਨਾਭੀ ਚੈੱਕ ਵਾਲੀ ਕਮੀਜ ਦੇ ਨਾਲ ਘਿਓ ਕਪੂਰੀ ਪੈਂਟ ਪਾ ਤਿਆਰ ਹੋ ਜਾਂਦਾ। ਮਾਸੀ ਦੇ ਆਉਣ ਤੋਂ ਪਹਿਲਾਂ ਸਾਈਕਲ ਚੁੱਕਦਾ ਤੇ ਨਥਾਣੇ ਸਬਜੀ ਅਤੇ ਹੋਰ ਬਿਸਕੁਟ ਤੇ ਖਾਣ ਪੀਣ ਵਾਲਾ ਨਿੱਕ ਸੁੱਕ ਲੈਣ ਚਲਾ ਜਾਂਦਾ। ਮਾਸੀ ਵੀ ਅਕਸਰ ਛੁੱਟੀ ਵਾਲੇ ਦਿਨ ਹੀ ਆਉਂਦੀ । ਤਾਂ ਕਿ ਸਾਰੇ ਘਰੇ ਮਿਲ ਜਾਣ।

ਅੰਮ੍ਰਿਤਪਾਲ ਕਲੇਰ ਚੀਦਾ
ਸੰਪ.9915780980

ਮਾਸੀ, ਮਾਂ ਦੀ ਸਕੀ ਭੈਣ ਨਹੀਂ ਸੀ, ਬਲਕਿ ਮਾਂ ਦੀ ਅੱਗੇ ਮਾਸੀ ਦੀ ਕੁੜੀ ਸੀ। ਬਾਪੂ ਨੇ ਮਾਸੀ ਦਾ ਰਿਸਤਾ ਆਪਣੀ ਛੋਟੀ ਮਾਸੀ ਦੇ ਮੁੰਡੇ ਨੂੰ ਪੱਖੋਕਲਾਂ ਕਰਾਇਆ ਸੀ। ਮਾਸੀ ਦਾ ਸਾਕ ਕਰਾਉਣਾ ਉਸ ਲਈ ਜੰਗ ਜਿੱਤਣ ਬਰਾਬਰ ਸੀ। ਬਹੁਤ ਅੜਚਣਾਂ ਸੀ ਮਾਸੀ ਦੇ ਸਾਕ ਲਈ। ਬਾਪੂ , ਨਾਨੀ ਨਾਲ ਘੱਟ ਹੀ ਬੋਲਦਾ ਸੀ, ਨਾਨੀ ਵੀ ਕਹਿੰਦੇ ਕਹਾਉਂਦੇ ਨੂੰ ਠਿੱਬੀ ਲਾ ਜਾਂਦੀ ਸੀ ਤੇ ਬਾਪੂ ਵਿੱਚ ਵੀ ਸਿਰੇ ਦਾ ਰੰਘੜਊ ਸੀ,ਨੱਕ ਤੇ ਮੱਖੀ ਬਾਪੂ ਵੀ ਨਹੀਂ ਸੀ ਬਹਿਣ ਦਿੰਦਾ ।ਬਸ ਸਾਰੀ ਉਮਰ ਦੋਨਾਂ ਦੀ ਇਸ ਗੱਲ ਕਰਕੇ ਹੀ ਨਹੀਂ ਸੀ ਬਣੀ। ਗੱਲ ਹੁਣ ਮਾਸੀ ਦੇ ਸਾਕ ਲਈ ਨਾਨੀ ਨੂੰ ਮਨਾਉਣ ਦੀ ਸੀ ਕਿ ਉਹ ਆਪਣੀ ਭੈਣ ਨੂੰ ਰਿਸਤਾ ਕਰਨ ਲਈ ਮਨਾਵੇ। ਬਾਪੂ ਨੇ ਸਾਕ ਲਈ ਮਾਂ ਨੂੰ ਮੋਹਰਾ ਬਣਾਇਆ ਸੀ। ਘੱਟ ਨਾਨੀ ਵੀ ਨਹੀਂ ਸੀ, ਮਾਂ ਨੂੰ ਕਹਿੰਦੀ ,“ਕੁੜੀਏ, ਐਂ ਸਾਕ ਕਿਵੇਂ ਕਰ ਦੇਣ, ਕੀ ਆ ਉਹਨਾਂ ਨੰਗਾਂ ਮਲੰਗਾਂ ਕੋਲ। ਪਹਿਲਾਂ ਤਾਂ ਤੇਰੇ ਪਿਉ ਦੀ ਸਹੇੜ ਹੀ ਠੀਕ ਨਹੀਂ ਆਉਂਦਾ,ਆਕੜ ਸੱਤਾ ਚੂਹੜਿਆਂ ਜਿੰਨੀ“। “ ਮਾਂ ਮਾਸੀ ਨਾਲ ਗੱਲ ਤਾਂ ਤੋਰ“। ਮਾਂ ਨੇ ਵਿਚਾਰਾ ਜਿਹਾ ਮੂੰਹ ਬਣਾ ਕੇ ਕਿਹਾ ਸੀ। ਨਾਨੀ , ਮਾਂ ਦੀ ਖੁਸੀ ਲਈ ਅਗਲੇ ਹੀ ਦਿਨ ਜੋਧਪੁਰ ਚੀਮੇ ਜਾ ਧਮਕੀ। ਆਥਣੇ ਗੱਲਾਂ ਬਾਤਾਂ ਕੀਤੀਆਂ। ਨਾਨੀ ਦੀ ਭੈਣ ਵੀ ਭਾਂਪ ਗਈ, ਕਿ ਗੱਲ ਤਾਂ ਕੋਈ ਭੈਣ ਜਰੂਰੀ ਕਰਨ ਆਈ ਆ। ਰਾਤ ਨੂੰ ਗੱਲ ਛੇੜੀ ਲਈ ,“ਅਖੇ ਜੀਤੋ , ਕੁੜੀ ਵਾਸਤੇ ਕੋਈ ਥਾਂ ਥੂੰ ਦੇਖੀ ਆ ?“

“ਨਹੀਂ ਭੈਣੇ, ਇਹਦਾ ਪਿਉ ਕਹਿੰਦਾ ਹਾੜੀਆਂ ਤੋਂ ਪਿੱਛੋਂ ਦੇਖਾਂਗੇ ਕਿਤੇ, ਦੱਸ ਤਾਂ ਬਥੇਰਿਆਂ ਨੇ ਪਾਈ ਆ“ ।

“ਆਪਣਾ ਪੂਹਲੇ ਵਾਲਾ ਪ੍ਰਾਹੁਣਾ ਭਾਈ ਸਾਕ ਮੰਗਦਾ, ਆਵਦੇ ਮਾਸੀ ਦੇ ਮੁੰਡੇ ਨੂੰ ,ਉ ਤਾਂ ਚੰਗਾ ਸੋਹਣਾ ਕੰਮ ਕਰਦਾ ਮੁੰਡਾ, ਪਹਿਲਾਂ ਜਿ਼ਮੀਂਦਾਰਾਂ ਦੇ ਸੀਰੀ ਰਲਦਾ ਸੀ,ਹੁਣ ਮਿਸਤਰੀ ਨਾਲ ਦਿਹਾੜੀ ਕਰਦਾ ,ਚੰਗੇ ਦੋ ਕਮਰੇ ਛੱਤੇ ਆ“ ।

“ਤੇਜ ਦਾ ਪਿਓ ,ਭੈਣ ਤੇਜ ਦੇ ਸਾਕ ਨੂੰ ਆਈ ਆ“ ।

“ਚਾਰ ਮਣ ਦਾਣੇ ਕੱਠੇ ਕਰ ਕੇ ਦੇਖ ਆਵਾਂਗੇ ਮੁੰਡਾ“ ।ਮਾਸੀ ਦੇ ਪਿਉ ਨੇ ਨਾਨੀ ਨੂੰ ਕਿਹਾ ਸੀ।

ਭਿਣਕ ਤੇਜ ਮਾਸੀ ਨੂੰ ਵੀ ਪੈ ਗਈ ਕਿ ਵੱਡੀ ਮਾਸੀ ਸਾਕ ਮੰਗਣ ਆਈ ਆ। ਮਾਸੀ ਦੇ ਵੀ ਦਿਲ ਵਿੱਚ ਲੱਡੂ ਭੁਰਨ ਲੱਗੇ। ਬਾਪੂ ਦੇ ਵਿਆਹ ਮੌਕੇ ਤੇਜ ਮਾਸੀ ਨੇ ਹੀ ਬਰਾਤ ਦਾ ਬਾਰ ਰੋਕਿਆ ਸੀ ਅਤੇ ਬਾਪੂ ਨਾਲ ਹਾਸਾ ਮਖੌਲ ਕੀਤਾ ਸੀ। ਮਾਸੀ ,ਬਾਪੂ ਦੀ ਰੂਹ ਦੀ ਦੇਹਲੀ ਟੱਪ ਗਈ ਸੀ ,ਜਦੋਂ ਬਾਰ ਰੁਕਾਈ ਵੇਲੇ ਮਾਸੀ ਨੇ ਬਾਪੂ ਨੂੰ ਸਿੱਠਣੀਆਂ ਦਿੱਤੀਆਂ ਸੀ..

“ ਲਾੜ੍ਹਿਆ ਕੱਲਾ ਕਿਉਂ ਆਇਆ ਵੇ ਤੂੰ ਅੱਜ ਦੀ ਘੜੀ,
ਨਾਲ ਭੈਣਾਂ ਨੂੰ ਨਾ ਲਿਆਇਆ ਵੇ ਤੂੰ ਅੱਜ ਦੀ ਘੜੀ।“

ਉਨ੍ਹਾਂ ਵੇਲਿਆਂ ਵਿੱਚ ਬੁੜ੍ਹੀਆਂ ਕੁੜੀਆਂ ਬਰਾਤ ਨਹੀਂ ਸਨ ਜਾਇਆ ਕਰਦੀਆਂ। ਬਾਪੂ ਨੇ ਮਾਸੀ ਨੂੰ ਮਖੌਲ ਵਿੱਚ ਕਿਹਾ ਸੀ ,“ ਛਮਕ ਛੱਲੋ, ਤਿਆਰ ਰਹੀਂ , ਹੁਣ ਤੈਨੂੰ ਵਿਆਹੁਣ ਆਵਾਂਗੇ ਬਰਾਤੀ ਬਣ ਕੇ“ ।ਮਾਸੀ, ਸਰਮ ਨਾਲ ਗੁਲਾਬੀ ਜਿਹੀ ਹੋ ਗਈ ਅਤੇ ਉਸ ਨੇ ਚੁੰਨੀ ਦੰਦਾਂ ‘ਚ ਦਬਾ ਲਈ ਸੀ। ਬਾਪੂ ਨੇ ਸਰਾਬੀ ਜਿਹਾ ਹਾਸਾ ਹੱਸ ਕੇ ਰੀਬਨ ਕੱਟਿਆ ਸੀ। ਮਾਸੀ ਦਾ ਹਾਸਾ ਸੀ ਅਤੇ ਬਾਪੂ ਦੀ ਰੂਹ, ਦੋਨੋਂ ਇਕਮਿਕ ਹੋ ਗਏ ਸਨ ।ਹੁਣ ਤੇਜ ਮਾਸੀ ਦਾ ਸਾਕ ਬਾਪੂ ਲਈ ਇੱਜਤ ਦਾ ਸਵਾਲ ਬਣ ਗਿਆ ਸੀ। ਨਾਨੀ ਨੇ ਇਸ ਮੌਕੇ ਦਾ ਫਾਇਦਾ ਉਠਾਇਆ ਅਤੇ ਬਾਪੂ ਨੂੰ ਕਿਹਾ,

“ਸਾਊ , ਜਿੱਦੇਂ ਰਲੌਂ ਦਾ ਸਾਕ ਕੀਤਾ ਇਹਦੇ ਪਿਓ ਨੇ , ਕਹਿੰਦੇ ਸੀ,ਚਾਰ ਘੁਮਾਅ ਆਉਂਦੇ ਨੇ ਮੁੰਡੇ ਨੂੰ , ਅਸੀਂ ਤਾਂ ਆਖਿਆ ਬਈ ਚੰਗੀ ਸੋਹਣੀ ਕਬੀਲਦਾਰੀ ਹੋਊਗੀ, ਇਹ ਤਾਂ ਮਗਰੋਂ ਪਤਾ ਲੱਗਿਆ ਕਿ ਬਈ ਛੱਤੜੇ ਹੇਠਾਂ ਵੀ ਲਟੈਣ ਦਿੱਤੀ ਹੋਈ ਆ। ਮੇਰੇ ਪਿਓ ਦੇ ਸਾਲੇ ਵਿਚੋਲੇ ਨੇ ਭਿਣਕ ਨਹੀਂ ਦਿੱਤੀ,ਕੁੜੀ ਡੋਬਤੀ“। ਜੀਅ ਤਾਂ ਬਾਪੂ ਦਾ ਵੀ ਕੀਤਾ ਸੀ ਕਿ ਕਹਿ ਦੇਵੇ ,ਕਿ “ਸੋਡੇ ਕਿਹੜਾ ਬਲੌਰ ਝੂਲਦੇ ਸੀ“ ,

ਪਰ ਭਰਮ ਦੀ ਸੰਦਲੀ ਖੁਸਬੂ ਨੇ ਬਾਪੂ ਨੂੰ ਫਿਰ ਕਲਾਵੇ ਵਿੱਚ ਲੈ ਲਿਆ ਸੀ ਅਤੇ ਨਾਨੀ ਦੀ ਅੱਕ ਚੱਬੀ ਬੋਲੀ ਬਾਪੂ ਦੇ ਆਦਰਸਵਾਦ ਨੂੰ ਲੀਰਾਂ ਲੀਰਾਂ ਕਰ ਗਈ । ਕਿਸੇ ਕਿਤਾਬ ਵਿਚ ਪੜ੍ਹੀ ਇਹ ਸਤਰ ਬਾਪੂ ਦੇ ਪਟੱਕ ਦੇਣੇ ਯਾਦ ਆ ਕੇ ਚਿੜਾਉਣ ਲੱਗੀ, ਕਿ ਔਰਤ ਸਦੀਆਂ ਤੋਂ ਗੁਲਾਮ ਹੈ।

ਨਾਨੀ, ਬਾਪੂ ਨੂੰ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਨਹੀਂ ਸੀ ਜਾਣ ਦਿੰਦੀ। ਮਾਸੀ ਦਾ ਸਾਕ ਸੁੱਖੀ ਸਾਂਦੀ ਨੇਪਰੇ ਚੜ੍ਹ ਗਿਆ। ਜਿ਼ੰਦਗੀ ਆਪਣੀ ਤੋਰ ਤੁਰਦੀ ਗਈ। ਰਿਸਤਿਆਂ ਦੀ ਪਾਕੀਜਗੀ ਗੁਲਾਬੀ ਤੋਂ ਸੰਧੂਰੀ ਹੁੰਦੀ ਗਈ। ਉਮਰ ਦੀ ਢਲਦੀ ਦੁਪਹਿਰ ਨੇ ਮੋਹ ਦੀਆਂ ਤੰਦਾਂ ਨੂੰ ਪੀਢਾ ਕਰ ਦਿੱਤਾ।

ਬਾਪੂ ਨੂੰ ਅਚਾਨਕ ਲਾਇਲਾਜ ਬਿਮਾਰੀ ਨੇ ਘੇਰ ਲਿਆ। ਬਹੁਤ ਇਲਾਜ ਕਰਾਇਆ ਪਰ ਖੂਨ ਘਟਦਾ ਹੀ ਗਿਆ। ਹੁਣ ਤਾਂ ਮਹੀਨੇ ਤੋਂ ਦਸ ਦਿਨਾਂ ਵਿੱਚ ਖੂਨ ਚੜ੍ਹਾਉਣਾ ਪੈਂਦਾ। ਸਾਰੇ ਸਾਕ ਸਬੰਧੀ ਆ ਕੇ ਪਤਾ ਲੈ ਜਾਣ ਲੱਗੇ। ਬਾਪੂ ਪਥਰਾਈਆਂ ਅੱਖਾਂ ਨਾਲ ਹਰ ਪਤਾ ਲੈਣ ਆਏ ਵੱਲ ਦੇਖਦਾ ਅਤੇ ਅੱਖਾਂ ਬੰਦ ਕਰ ਲੈਂਦਾ। ਬਾਪੂ ਦੀ ਰੂਹ ਰੋਹੀ ਬੀਆਬਾਨ ਵਿੱਚ ਭਟਕ ਜਾਂਦੀ। ਅੱਜ ਪੱਖੋਂ ਕਲਾਂ ਤੋਂ ਦੂਰ ਦੀ ਰਿਸਤੇਦਾਰੀ ਵਿੱਚੋਂ ਗਾਮਾ ਤਾਇਆ ਆਇਆ ਸੀ। ਉਸ ਨੇ ਬਾਪੂ ਦੇ ਮੋਢੇ ਨੂੰ ਹਲੂਣ ਕੇ ਕਿਹਾ,

“ਬਾਈ ,ਤੂੰ ਫਿ਼ਕਰ ਨਾ ਕਰ ਠੀਕ ਹੋਜੇਂਗਾ,ਬਾਈ ਬਾਈ....“ । ਤੇ ਬਾਪੂ ਸਦਾ ਲਈ ਲੰਮੀਆਂ ਤਾਣ ਜਣੀ ਕਦੋਂ ਦਾ ਸੌਂ ਗਿਆ ਸੀ ।ਗਾਮਾ ਤਾਇਆ ਕਹਿ ਰਿਹਾ ਸੀ ਕੇ , “ਮੈਨੂੰ ਵੀ ਕੱਲ੍ਹ ਹੀ ਪਤਾ ਲੱਗਿਆ ਬਾਈ ਦੇ ਬਿਮਾਰ ਦਾ। ਤੇਜ ਚਾਚੀ ਆਵਦੇ ਵੱਡੇ ਮੁੰਡੇ ਨੂੰ ਕਹਿ ਰਹੀ ਸੀ,“ ਵੇ ਚਰਨਿਆ, ਪੂਹਲੇ ਨਾ ਜਾਈਂ ਵੇ,ਖੂਨ ਕੱਢ ਲੈਣਗੇ, ਤੇਰੇ ਮਾਸੜ ਨੂੰ ਦੇਣ ਵਾਸਤੇ “ ।

# “ਪਰਉਪਕਾਰੁ ਨਿਤ ਚਿਤਵਦੇ... !”

ਜ਼ਿੰਦਗੀ ਵਿੱਚ ਕਈ ਘਟਨਾਵਾਂ ਇਹੋ ਜਿਹੀਆਂ ਵਾਪਰਦੀਆਂ ਹਨ ਕਿ ਉਹ ਜਿ਼ੰਦਗੀ ਦੀਆਂ ਅਭੁੱਲ ਯਾਦਾਂ ਬਣ ਜਾਂਦੀਆਂ ਹਨ। ਮੇਰੇ ਨਾਲ ਵੀ ਇੱਕ ਵਾਰੀ ਇਹੋ ਜਿਹੀ ਘਟਨਾ ਵਾਪਰੀ ਕਿ ਉਹ ਇੱਕ ਦਿਲਚਸਪ ਕਿੱਸੇ ਤੋਂ ਘੱਟ ਨਹੀਂ ਹੈ। ਅਕਸਰ ਇਸ ਘਟਨਾ ਨੂੰ ਮੈਂ ਯਾਦ ਕਰਕੇ ਇਕੱਲੀ ਬੈਠੀ ਮੁਸਕਰਾ ਲੈਂਦੀ ਹਾਂ ,ਕਦੇ ਕਦੇ ਪਰਿਵਾਰਕ ਮਹਿਫਲ ਦਾ ਹਿੱਸਾ ਬਣ ਕੇ ਵੀ ਉਸ ਦਾ ਆਨੰਦ ਮਾਣ ਲਿਆ ਜਾਂਦਾ ਹੈ। ਬਹੁਤੀਆਂ ਔਰਤਾਂ ਦੇ ਆਦਮੀ ਆਰਮੀ ‘ਚ ਹੋਣ ਕਰਕੇ ਅਕਸਰ ਜਿ਼ੰਦਗੀ ਵਿੱਚ ਬਹੁਤਾ ਇਕੱਲੇ ਹੀ ਘਰ ਤੇ ਬਾਹਰ ਦੇ ਕੰਮ ਕਾਰ, ਰਿਸਤੇਦਾਰੀਆਂ ਦੇ ਮੂੰਹ ਮੁਲਾਹਜੇ ਸਭ ਕੁਝ ਆਪ ਹੀ ਭੁਗਤਣੇ ਪੈਂਦੇ ਹਨ । ਮੇਰੀ ਜਿ਼ੰਦਗੀ ਵੀ ਕੁਝ ਇਸ ਤਰ੍ਹਾਂ ਹੀ ਨਿਕਲੀ ਹੈ। ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਨਾ ਤਾਂ ਮੋਬਾਈਲ ਫੋਨ ਆਏ ਸਨ ਤੇ ਲੈਂਡ ਲਾਈਨ ਫੋਨ ਵੀ ਕਿਤੇ ਕਿਤੇ ਦੂਰ ਹੀ ਲੱਗੇ ਹੁੰਦੇ ਸਨ। ਇਸ ਕਰਕੇ ਅੱਜ ਕੱਲ੍ਹ ਵਾਂਗੂੰ ਆਪਣਿਆਂ ਨੂੰ ਆਪਣੇ ਬਾਰੇ ਪਲ ਪਲ ਦੀ ਖਬਰ ਦੇਣੀ ਵੀ ਔਖੀ ਹੁੰਦੀ ਸੀ। ਇੱਕ ਵਾਰੀ ਮੇਰੀ ਭੈਣ ਹੁਰਾਂ ਨੇ ਆਪਣੀ ਨਵੀਂ ਕੋਠੀ ਦੀ ਚੱਠ ਕੀਤੀ ਤੇ ਅਖੰਡ ਪਾਠ ਰਖਵਾਇਆ ਹੋਇਆ ਸੀ । ਮੈਂ ਵੀ ਹਜੇ ਤੀਹਾਂ ਦੇ ਆਸ ਪਾਸ ਸੀ ਤੇ ਮੇਰਾ ਬੇਟਾ ਵੀ ਛੋਟਾ ਹੀ ਸੀ। ਉਹਨਾਂ ਸਮਿਆਂ ਵਿੱਚ ਮੈਂ ਗੇਅਰ ਵਾਲਾ ਸਕੂਟਰ ਚਲਾਉਂਦੀ ਹੁੰਦੀ ਸੀ ਪਰ ਉਹਨਾਂ ਦੀ ਰਿਹਾਇਸ ਦੂਰ ਦੂਜੇ ਜਿ਼ਲ੍ਹੇ ਵਿੱਚ ਹੋਣ ਕਰਕੇ ਮੈਨੂੰ ਮਾਂ ਵੱਲੋਂ ਵੀ ਹਿਦਾਇਤ ਸੀ ਕਿ ਜਾਂ ਬੱਸ ਰਾਹੀਂ ਜਾਵਾਂ ਜਾਂ ਗੱਡੀ ਰਾਹੀਂ ਜਾਵਾਂ। ਵੈਸੇ ਉਹਨਾਂ ਸਲਾਹ ਦਿੱਤੀ ਕਿ ਨਿਆਣੇ ਨਾਲ ਰੇਲ ਗੱਡੀ ਦਾ ਸਫਰ ਠੀਕ ਰਹੇਗਾ। ਉਂਝ ਮੈਂ ਆਪਣੇ ਪਤੀ ਕੋਲ ਤਾਂ ਬਥੇਰੀ ਵਾਰ ਬੱਚੇ ਨੂੰ ਲੈ ਕੇ ਕਦੇ ਹੈਦਰਾਬਾਦ ਤੇ ਕਦੇ ਕਲਕੱਤੇ,ਦਿੱਲੀ ਬਗੈਰਾ ਗਈ ਸੀ।ਉਹ ਤਾਂ ਫਸਟ ਕਲਾਸ ਵਿੱਚ ਰਿਜਰਵੇਸਨ ਕਰਵਾਈ ਹੋਣ ਕਰਕੇ ਗੱਡੀ ਦਾ ਸਫਰ ਬਹੁਤ ਸੁਖਾਲਾ ਤੇ ਆਨੰਦ ਭਰਪੂਰ ਹੁੰਦਾ ਸੀ। ਇੰਟਰਸਿਟੀ ਟਰੇਨ ਰਾਹੀਂ ਮੈਂ ਇਹ ਪਹਿਲਾ ਸਫਰ ਕਰਨਾ ਸੀ।

ਮੈਂ ਆਪਣੇ ਬੇਟੇ ਨੂੰ ਨਾਲ ਲੈਕੇ ਦੁਪਹਿਰੋਂ ਬਾਅਦ ਦੋ ਢਾਈ ਵਜੇ ਸਟੇਸਨ ਤੇ ਚਲੀ ਗਈ ਤੇ ਉੱਥੋਂ ਦੀ ਟਿਕਟ ਖਰੀਦ ਲਈ। ਗੱਡੀ ਨੇ ਤਿੰਨ ਵਜੇ ਆਉਣਾ ਸੀ। ਗੱਡੀ ਦੇ ਚਾਅ ਵਿੱਚ ਪਤਾ ਈ ਨਾ ਲੱਗਿਆ ਕਦ ਤਿੰਨ ਵੱਜ ਗਏ ਪਰ ਗੱਡੀ ਨਾ ਆਈ। ਆਲੇ ਦੁਆਲਿਓਂ ਸਟਾਲਾਂ ਵਾਲਿਆਂ ਤੋਂ ਪਤਾ ਕੀਤਾ ਤਾਂ ਉਹ ਕਹਿੰਦੇ ਕਈ ਵਾਰ ਗੱਡੀ ਲੇਟ ਆਉਂਦੀ ਹੈ, ਉਡੀਕਦੇ ਉਡੀਕਦੇ ਸਾਢੇ ਤਿੰਨ ਵੱਜ ਗਏ , ਫਿਰ ਚਾਰ ਵੱਜ ਗਏ,ਸਾਡੇ ਚਾਅ ਵੀ ਠੰਢੇ ਪੈ ਕੇ ਉਡੀਕ ਵਾਲੀ ਥਕਾਵਟ ਵਿੱਚ ਬਦਲਣ ਲੱਗ ਪਏ। ਮੁੰਡਾ ਮੈਨੂੰ ਵਾਰ ਵਾਰ ਪੁੱਛੇ,“ਮੰਮਾ.....ਗੱਡੀ ਕਦੋਂ ਆਉਣੀ ਆ....!“ ਮੈਂ ਵੀ ਉਹਨੂੰ ਕੀ ਦੱਸਦੀ, ਮੇਰੇ ਕੋਲ ਕਿਹੜਾ ਅੱਜ ਕੱਲ੍ਹ ਵਾਂਗੂੰ ਮੋਬਾਈਲ ਫੋਨ ਸੀ ਜੀਹਦੇ ਤੋਂ ਮੈਂ ਗੱਡੀ ਦੀ ਲੋਕੇਸਨ ਟਰੇਸ ਕਰ ਕੇ ਦੱਸ ਦਿੰਦੀ। ਫੇਰ ਸਾਢੇ ਚਾਰ ਵਜੇ ਪਤਾ ਲੱਗਿਆ ਕਿ ਗੱਡੀ ਦਾ ਉਹ ਗੇੜਾ ਤਾਂ ਅੱਜ ਕੈਂਸਲ ਹੋ ਗਿਆ ਹੈ ਹੁਣ ਪੰਜ ਵਜੇ ਵਾਲੀ ਆਖਰੀ ਗੱਡੀ ਆਊ। ਮੈਂ ਸੋਚਿਆ ਚੱਲੋ ਕੋਈ ਨਾ ਹੁਣ ਅੱਧਾ ਘੰਟਾ ਹੋਰ ਉਡੀਕ ਕਰ ਲੈਂਦੇ ਹਾਂ। ਪੰਜ ਛੱਡੋ ਉਹ ਵੀ ਸਾਢੇ ਪੰਜ ਵਜੇ ਆਈ ।ਉਸ ਵਿੱਚ ਵਧੀਆ ਜਿਹੀ ਸੀਟ ਦੇਖ ਕੇ ਅਸੀਂ ਮਾਂ ਪੁੱਤ ਬੈਠ ਗਏ ਜਿਸ ਡੱਬੇ ਵਿੱਚ ਪੰਜ ਸੱਤ ਜਨਾਨੀਆਂ ਵੀ ਸਨ। ਆਖਰੀ ਗੱਡੀ ਹੋਣ ਕਰਕੇ ਉਸ ਵਿੱਚ ਬਹੁਤੇ ਕੰਮਕਾਜੀ ਮਜਦੂਰ ਜਮਾਤ ਦੇ ਲੋਕ,ਟਿਫਿਨ ਅਤੇ ਲਿਫਾਫਿ਼ਆਂ ਵਿੱਚ ਕੰਮ ਵਾਲੇ ਕੱਪੜੇ ਫੜੇ ਹੋਏ ਚੜ੍ਹ ਰਹੇ ਸਨ। ਗਰਮੀ ਜਿ਼ਆਦਾ ਹੋਣ ਕਰਕੇ ਡੱਬੇ ਵਿੱਚ ਲੋਕਾਂ ਦੇ ਪਸੀਨੇ ਦੀ ਬਦਬੂ ਵੀ ਆ ਰਹੀ ਸੀ। ਆਖਰੀ ਗੱਡੀ ਹੋਣ ਕਰਕੇ ਗੱਡੀ ਵਿੱਚ ਲੋਕ ਤੁੰਨ ਕੇ ਭਰੇ ਗਏ ਤੇ ਗੱਡੀ ਛੇ ਵਜੇ ਤੁਰੀ। ਇਹ ਗੱਡੀ ਤਾਂ ਨਿੱਕੇ ਨਿੱਕੇ ਸਟੇਸਨਾਂ ਤੇ ਹੀ ਪੰਦਰਾਂ ਪੰਦਰਾਂ ਮਿੰਟ ਰੁਕੀ ਰਹਿੰਦੀ । ਚਾਰ ਕੁ ਸਟੇਸਨ ਲੰਘ ਕੇ ਔਰਤਾਂ ਉਤਰ ਗਈਆਂ, ਕਾਫੀ ਭੀੜ ਵੀ ਘਟ ਗਈ ਸੀ, ਬਾਹਰ ਨ੍ਹੇਰਾ ਘੁੱਪ ਹੋ ਗਿਆ ਸੀ। ਮੇਰੇ ਮੂੰਹ ਤੇ ਘਬਰਾਹਟ ਦੀ ਸਿ਼ਕਨ ਆਉਣ ਲੱਗੀ ਤੇ ਮੇਰੇ ਪੁੱਤ ਦਾ ਗੱਡੀ ਵਾਲਾ ਚਾਅ ਠੰਡਾ ਪੈ ਕੇ ਚਿਹਰਾ ਉਦਾਸ ਤੇ ਫਿ਼ਕਰਮੰਦ ਜਿਹਾ ਹੋ ਗਿਆ ਸੀ। ਟੀ ਟੀ ਆਇਆ। ਉਹ ਮੈਨੂੰ ਇਕੱਲੀ ਜਵਾਨ ਔਰਤ ਨੂੰ ਬੱਚੇ ਨਾਲ ਬੈਠੇ ਦੇਖ ਕੇ ਸਤਰਕ ਹੋ ਗਿਆ ਤੇ ਪਹਿਲਾਂ ਮੇਰੀ ਟਿਕਟ ਦੇਖ ਕੇ ਮੈਨੂੰ ਆਖਣ ਲੱਗਿਆ,“ਭਾਈ,ਜਿੱਥੇ ਤੁਸੀਂ ਜਾਣਾ ਹੈ......ਉੱਥੇ ਤਾਂ ਗੱਡੀ ਰਾਤ ਨੂੰ ਨੌਂ ਸਾਢੇ ਨੌਂ ਵਜੇ ਪਹੁੰਚੇਗੀ..... ਅੱਗੋਂ ਸਹਿਰ ਵੱਲ ਨੂੰ ਜਾਣ ਵਾਲਾ ਦੋ ਤਿੰਨ ਕਿਲੋਮੀਟਰ ਦਾ ਰਸਤਾ ਜਮਾਂ ਉਜਾੜ ਹੈ...... ਤੁਹਾਨੂੰ ਕੋਈ ਸਾਧਨ ਵੀ ਨਹੀਂ ਮਿਲਣਾ ਐਡੀ ਰਾਤ ਨੂੰ..... ਤੁਹਾਨੂੰ ਕੋਈ ਲੈਣ ਆ ਰਿਹਾ..... ?“ਉਸ ਦੀ ਗੱਲ ਸੁਣ ਕੇ ਮੇਰੇ ਮੱਥੇ ‘ਤੇ ਚਿੰਤਾ ਦੀਆਂ ਲਕੀਰਾਂ ਉਕਰ ਆਈਆਂ ਤੇ ਭੋਲਾ ਜਿਹਾ ਮੂੰਹ ਬਣਾ ਕੇ ਉਸਨੂੰ ਕਿਹਾ,“ਨਹੀਂ ਵੀਰ ਜੀ.....!“ ਟੀ ਟੀ ਬਹੁਤ ਹੀ ਨੇਕ ਇਨਸਾਨ ਸੀ।ਉਸ ਨੂੰ ਮੇਰੇ ਤੋਂ ਵੱਧ ਮੇਰੀ ਅਤੇ ਮੇਰੇ ਬੱਚੇ ਦੀ ਚਿੰਤਾ ਹੋਣ ਲੱਗੀ। ਉਹਨਾਂ ਕਿਹਾ,“ ਭਾਈ ਜੇ ਤੁਹਾਡੇ ਕੋਲ ਉਹਨਾਂ ਦਾ ਨੰਬਰ ਹੈ ਤਾਂ ਅਗਲੇ ਸਟੇਸਨ ਤੋਂ ਮੈਂ ਤੁਹਾਡੀ ਉਹਨਾਂ ਨਾਲ ਗੱਲ ਕਰਵਾ ਦਿੰਦਾ ਹਾਂ.... ?“ “ ਨਹੀਂ ਵੀਰ ਜੀ.... ਪੁਰਾਣਾ ਨੰਬਰ ਪੁਰਾਣੀ ਰਿਹਾਇਸ ਤੋਂ ਬੰਦ ਕਰਵਾ ਦਿੱਤਾ ਸੀ ਤੇ ਹੁਣ ਨਵੀਂ ਜਗ੍ਹਾ ਉਹਨਾਂ ਨੇ ਫੋਨ ਲਈ ਅਪਲਾਈ ਕੀਤਾ ਹੋਇਆ ਹੈ....!“ ਮੈਂ ਸੱਚੀ ਗੱਲ ਟੀ ਟੀ ਨੂੰ ਦੱਸੀ। “ਚਲੋ ਕੋਈ ਨਾ ਮੇਰੇ ਰਿਸਤੇਦਾਰ ਦਾ ਪੀ ਸੀ ਓ ਆ.....ਉੱਥੇ...... ਮੈਂ ਤੁਹਾਡੀ ਗੱਲ ਕਰਵਾਉਂਦਾ ਹਾਂ।“ ਉਹ ਮੈਨੂੰ ਇਨਸਾਨ ਨਹੀਂ ਕੋਈ ਦੇਵਤਾ ਨਜਰ ਆ ਰਿਹਾ ਸੀ। ਉਸ ਨੇ ਕੈਂਟ ਸਟੇਸਨ ਤੇ ਗੱਡੀ ਕਾਫੀ ਦੇਰ ਰੋਕ ਕੇ ਮੈਨੂੰ ਸਟੇਸਨ ਦੇ ਕੰਟਰੋਲ ਰੂਮ ਵਿੱਚ ਲਿਜਾ ਕੇ ਉੱਥੋਂ ਫੋਨ ਤੋਂ ਆਪਣੇ ਰਿਸਤੇਦਾਰ ਨਾਲ ਮੇਰੀ ਗੱਲ ਕਰਵਾਈ ਤਾਂ ਮੈਂ ਆਪਣੇ ਰਿਸਤੇਦਾਰਾਂ ਦੀ ਨਵੀਂ ਰਿਹਾਇਸ ਦਾ ਕੋਈ ਬਹੁਤਾ ਪੱਕਾ ਪਤਾ ਵੀ ਨਹੀਂ ਜਾਣਦੀ ਸੀ । ਹਾਂ,ਮੇਰੇ ਜੀਜਾ ਜੀ ਦਾ ਨਾਂ ਅਤੇ ਉਹਨਾਂ ਦਾ ਅਹੁਦਾ ਸੈਕਟਰੀ ਦੱਸ ਦਿੱਤਾ। ਹੁਣ ਟੀ ਟੀ ਨੂੰ ਉਸ ਦੇ ਰਿਸਤੇਦਾਰ ਨੇ ਮੇਰੇ ਰਿਸਤੇਦਾਰ ਤੱਕ ਸੁਨੇਹਾ ਪਹੁੰਚਾਉਣ ਦਾ ਵਿਸਵਾਸ ਦਿਵਾਇਆ ਤਾਂ ਟੀ ਟੀ ਮੇਰੇ ਬਾਰੇ ਥੋੜ੍ਹਾ ਜਿਹਾ ਚਿੰਤਾਮੁਕਤ ਦਿਸਿਆ। ਗੱਡੀ ਕੈਂਟ ਸਟੇਸਨ ਤੋਂ ਤੁਰੀ ਤੇ ਦੋ ਸਟੇਸਨ ਛੱਡ ਕੇ ਤੀਜਾ ਸਟੇਸਨ ਆਉਣਾ ਸੀ ਜਿੱਥੇ ਮੈਂ ਉਤਰਨਾ ਸੀ ਪਰ ਟੀ ਟੀ ਨੇ ਮੇਰਾ ਪੂਰਾ ਆਪਣੀ ਛੋਟੀ ਭੈਣ ਵਾਂਗ ਆਪਣੀ ਨਿਗਰਾਨੀ ਹੇਠ ਧਿਆਨ ਰੱਖਿਆ।

ਬਰਜਿੰਦਰ ਕੌਰ ਬਿਸਰਾਓ...
9988901324

ਉਹ ਸਟੇਸਨ ਵੀ ਆ ਗਿਆ ਜਿੱਥੇ ਮੈਂ ਉਤਰਨਾ ਸੀ। ਮੈਨੂੰ ਲੈਣ ਲਈ ਉਸ ਸਹਿਰ ਦੇ ਇੱਕੋ ਨਾਂ ਵਾਲੇ ਤਿੰਨ ਸੈਕਟਰੀ ਲੈਣ ਲਈ ਪਹੁੰਚੇ ਹੋਏ ਸਨ। ਮੈਂ ਆਪਣੇ ਜੀਜਾ ਜੀ ਨੂੰ ਦੇਖਦੇ ਸਾਰ ਖੁਸ ਹੋ ਗਈ। ਟੀ ਟੀ ਦੇ ਸਾਹ ਵਿੱਚ ਸਾਹ ਆਇਆ ਤੇ ਉਹ ਵੀ ਖੁਸ ਹੋ ਗਿਆ। ਅਸੀਂ ਉਸ ਦਾ ਧੰਨਵਾਦ ਕੀਤਾ ਤੇ ਸਟੇਸਨ ਦੇ ਬਾਹਰ ਜਾਣ ਦੇ ਰਸਤੇ ਆਉਂਦੇ ਹੋਏ ਦੂਜੇ ਦੋਵੇਂ ਸੈਕਟਰੀ ਵੀ ਪਹਿਲਾਂ ਮੇਰੇ ਜੀਜਾ ਜੀ ਨਾਲ ਹੱਥ ਮਿਲਾ ਕੇ ਤੇ ਫਿਰ ਆਪਸ ਵਿੱਚ ਹੱਥ ਮਿਲਾ ਕੇ ਹੱਸਦੇ ਹੋਏ ਵਿਦਾ ਹੋਣ ਲੱਗੇ। ਟੀ ਟੀ ਦੇ ਪੀ ਸੀ ਓ ਵਾਲੇ ਰਿਸਤੇਦਾਰ ਨੇ ਫੁਰਤੀ ਦਿਖਾਉਂਦੇ ਹੋਏ ਸਹਿਰ ਵਿੱਚ ਰਹਿਣ ਵਾਲੇ ਤਿੰਨ ਸੈਕਟਰੀਆਂ ਨੂੰ ਸੁਨੇਹਾ ਦੇ ਦਿੱਤਾ ਸੀ।ਜਿਸ ਵਿੱਚ ਮੇਰੇ ਜੀਜਾ ਜੀ ਨੌਕਰੀ ਦੇ ਅਹੁਦੇ ਕਰਕੇ ਸੈਕਟਰੀ ਸਨ,ਦੂਜਾ ਗੁਰਦੁਆਰੇ ਦੀ ਕਮੇਟੀ ਸੈਕਟਰੀ ਸੀ ਤੇ ਤੀਜਾ ਕੋਈ ਹੋਰ ਸੈਕਟਰੀ ਸੀ। ਇਹ ਤਿੰਨੋਂ ਇੱਕ ਦੂਜੇ ਨੂੰ ਜਾਣਦੇ ਵੀ ਸਨ ਤੇ ਮੇਰੇ ਪਹੁੰਚਣ ਤੋਂ ਪਹਿਲਾਂ ਇੱਕ ਦੂਜੇ ਨੂੰ ਦੱਸ ਰਹੇ ਸਨ ਕਿ ਉਹਨਾਂ ਦੀ ਸਾਲੀ ਲੁਧਿਆਣਾ ਤੋਂ ਆ ਰਹੀ ਹੈ ਕਿਉਂ ਕਿ ਉਹਨਾਂ ਦੋਨਾਂ ਦੇ ਦੂਰ ਨੇੜੇ ਦੇ ਰਿਸਤੇਦਾਰ ਵੀ ਲੁਧਿਆਣੇ ਰਹਿੰਦੇ ਸਨ। ਪਰ ਮੇਰੇ ਪਹੁੰਚਣ ਤੇ ਸਾਫ ਹੋ ਗਿਆ ਸੀ ਕਿ ਮੈਂ ਕਿਸ ਸੈਕਟਰੀ ਦੀ ਸਾਲੀ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹੋ ਜਿਹੀਆਂ ਘਟਨਾਵਾਂ ਜਿੱਥੇ ਸਾਨੂੰ ਜਿ਼ੰਦਗੀ ਵਿੱਚ ਸਬਕ ਸਿਖਾ ਦਿੰਦੀਆਂ ਹਨ ਕਿ ਸਾਨੂੰ ਕਿਸੇ ਥਾਂ ਤੇ ਜਾਣ ਵੇਲੇ ਸਮੇਂ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਅੱਗੇ ਵਧਣਾ ਚਾਹੀਦਾ ਹੈ ਉੱਥੇ ਟੀ ਟੀ ਵਰਗੇ ਭਲੇ ਲੋਕਾਂ ਦੀ ਚੰਗਿਆਈ ਪੇਸ਼ ਕਰਕੇ ਮਰਦਾਂ ਦੀ ਬਦਨੀਤੀ ਵਾਲੇ ਭੈਅ ਨੂੰ ਵੀ ਦੂਰ ਕਰਦੀਆਂ ਹਨ । ਨਾਲ ਹੀ ਟੀ ਟੀ ਵਰਗੀ ਪਰਉਪਕਾਰੀ ਸਖਸੀਅਤ ਦੂਜੇ ਮਰਦਾਂ ਲਈ ਪ੍ਰੇਰਨਾ ਸਰੋਤ ਬਣਦੀ ਹੈ ਕਿ ਤੁਹਾਨੂੰ ਲੱਗੇ ਕਿ ਅਣਜਾਣੇ ਵਿੱਚ ਕੋਈ ਨੌਜਵਾਨ ਔਰਤ ਮੁਸੀਬਤ ਵਿੱਚ ਫਸ ਸਕਦੀ ਹੈ ਤਾਂ ਉਸ ਦੀ ਵਕਤ ਰਹਿੰਦਿਆਂ ਹੀ ਮਦਦ ਕਰ ਕੇ ਮੁਸੀਬਤ ਵਿੱਚ ਫਸਣ ਤੋਂ ਬਚਾਇਆ ਜਾ ਸਕਦਾ ਹੈ।




ਸਦੀਆਂ ਤੋਂ ਸਕੂਲੀ ਸਿੱਖਿਆ ਨੂੰ ਗਿਆਨ ਪ੍ਰਾਪਤ ਕਰਨ ਦਾ ਸਭ ਤੋਂ ਭਰੋਸੇਯੋਗ ਸਾਧਨ ਮੰਨਿਆ ਜਾਂਦਾ ਰਿਹਾ ਹੈ। ਬੱਚੇ ਸਕੂਲ ਜਾਂਦੇ ਹਨ, ਨਿਰਧਾਰਤ ਪਾਠਕ੍ਰਮ ਪੜ੍ਹਦੇ ਹਨ, ਪ੍ਰੀਖਿਆਵਾਂ ਦਿੰਦੇ ਹਨ ਅਤੇ ਇੱਕ ਜਮਾਤ ਤੋਂ ਦੂਜੀ ਜਮਾਤ ਵਿੱਚ ਅੱਗੇ ਵਧਦੇ ਹਨ। ਪਰ ਬਦਲਦੇ ਸਮੇਂ ਨਾਲ ਸਿੱਖਿਆ ਬਾਰੇ ਨਵੀਆਂ ਧਾਰਨਾਵਾਂ ਵੀ ਉਭਰ ਰਹੀਆਂ ਹਨ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਵਿਚਾਰ ਹੈ ÷ਅਨਸਕੂਲਿੰਗ÷, ਜੋ ਸਿੱਖਣ ਨੂੰ ਕਿਤਾਬਾਂ ਅਤੇ ਕਲਾਸਰੂਮ ਦੀਆਂ ਚਾਰ ਦੀਵਾਰੀਆਂ ਤੱਕ ਸੀਮਿਤ ਨਹੀਂ ਰੱਖਦਾ, ਸਗੋਂ ਪੂਰੀ ਜ਼ਿੰਦਗੀ ਨੂੰ ਇੱਕ ਸਕੂਲ ਮੰਨਦਾ ਹੈ।

ਅਨਸਕੂਲਿੰਗ ਦਾ ਅਰਥ ਸਿੱਖਿਆ ਤੋਂ ਦੂਰ ਹੋਣਾ ਨਹੀਂ, ਸਗੋਂ ਸਿੱਖਣ ਨੂੰ ਕੁਦਰਤੀ, ਦਿਲਚਸਪ ਅਤੇ ਬੱਚੇ ਦੀ ਆਪਣੀ ਜਿਗਿਆਸਾ ਅਨੁਸਾਰ ਬਣਾਉਣਾ ਹੈ। ਇਸ ਪੱਧਤੀ ਵਿੱਚ ਬੱਚਾ ਆਪਣੇ ਸਵਾਲਾਂ, ਤਜਰਬਿਆਂ ਅਤੇ ਰੁਚੀਆਂ ਰਾਹੀਂ ਸਿੱਖਦਾ ਹੈ। ਇੱਥੇ ਕੋਈ ਸਖ਼ਤ ਸਮਾਂ-ਸਾਰਣੀ, ਨਿਰਧਾਰਤ ਪਾਠ ਪੁਸਤਕ ਜਾਂ ਹਰ ਪੜਾਅ 'ਤੇ ਪ੍ਰੀਖਿਆ ਦੀ ਲੋੜ ਨਹੀਂ ਹੁੰਦੀ।

ਅਨਸਕੂਲਿੰਗ ਅਤੇ ਹੋਮਸਕੂਲਿੰਗ ਵਿੱਚ ਵੀ ਅੰਤਰ ਹੈ। ਹੋਮਸਕੂਲਿੰਗ ਵਿੱਚ ਅਕਸਰ ਘਰ ਵਿੱਚ ਹੀ ਸਕੂਲ ਵਾਲਾ ਪਾਠਕ੍ਰਮ ਪੜ੍ਹਾਇਆ ਜਾਂਦਾ ਹੈ, ਜਦਕਿ ਅਨਸਕੂਲਿੰਗ ਵਿੱਚ ਬੱਚੇ ਦੀ ਜਿਗਿਆਸਾ ਹੀ ਉਸ ਦਾ ਪਾਠਕ੍ਰਮ ਬਣ ਜਾਂਦੀ ਹੈ। ਜੇ ਕਿਸੇ ਬੱਚੇ ਨੂੰ ਤਾਰਿਆਂ ਵਿੱਚ ਦਿਲਚਸਪੀ ਹੈ ਤਾਂ ਉਹ ਖਗੋਲ ਵਿਗਿਆਨ, ਗਣਿਤ, ਭੌਤਿਕ ਵਿਗਿਆਨ ਅਤੇ ਇਤਿਹਾਸ ਨੂੰ ਉਸੇ ਰੁਚੀ ਰਾਹੀਂ ਸਿੱਖ ਸਕਦਾ ਹੈ। ਜੇ ਕਿਸੇ ਨੂੰ ਖਾਣਾ ਬਣਾਉਣ ਦਾ ਸ਼ੌਕ ਹੈ ਤਾਂ ਉਹ ਵਿਗਿਆਨ, ਗਣਿਤ, ਪੋਸ਼ਣ ਅਤੇ ਸੱਭਿਆਚਾਰ ਬਾਰੇ ਵੀ ਬਹੁਤ ਕੁਝ ਸਿੱਖ ਸਕਦਾ ਹੈ।

ਅੱਜ ਦੇ ਡਿਜ਼ਿਟਲ ਯੁੱਗ ਵਿੱਚ ਅਨਸਕੂਲਿੰਗ ਦੀਆਂ ਸੰਭਾਵਨਾਵਾਂ ਹੋਰ ਵੀ ਵਧ ਗਈਆਂ ਹਨ। ਇੰਟਰਨੈੱਟ, ਡਿਜ਼ਿਟਲ ਲਾਇਬ੍ਰੇਰੀਆਂ, ਆਨਲਾਈਨ ਕੋਰਸ, ਡਾਕੂਮੈਂਟਰੀਆਂ, ਪੌਡਕਾਸਟ, ਵਰਚੁਅਲ ਅਜਾਇਬਘਰ ਅਤੇ ਵਿਗਿਆਨਕ ਪ੍ਰਯੋਗਾਂ ਦੇ ਵੀਡੀਓ ਬੱਚਿਆਂ ਨੂੰ ਦੁਨੀਆ ਦੇ ਕਿਸੇ ਵੀ ਕੋਨੇ ਤੋਂ ਸਿੱਖਣ ਦਾ ਮੌਕਾ ਦਿੰਦੇ ਹਨ। ਹੁਣ ਗਿਆਨ ਸਿਰਫ਼ ਸਕੂਲ ਦੀਆਂ ਕਿਤਾਬਾਂ ਤੱਕ ਸੀਮਿਤ ਨਹੀਂ ਰਿਹਾ।

ਅਨਸਕੂਲਿੰਗ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਬੱਚਿਆਂ ਵਿੱਚ ਸਿੱਖਣ ਦੀ ਅੰਦਰੂਨੀ ਪ੍ਰੇਰਣਾ ਨੂੰ ਮਜ਼ਬੂਤ ਕਰਦੀ ਹੈ। ਜਦੋਂ ਬੱਚਾ ਆਪਣੀ ਦਿਲਚਸਪੀ ਨਾਲ ਕੁਝ ਸਿੱਖਦਾ ਹੈ ਤਾਂ ਉਹ ਉਸਨੂੰ ਡੂੰਘਾਈ ਨਾਲ ਸਮਝਦਾ ਹੈ ਅਤੇ ਲੰਬੇ ਸਮੇਂ ਤੱਕ ਯਾਦ ਰੱਖਦਾ ਹੈ। ਉਹ ਸਿਰਫ਼ ਅੰਕਾਂ ਲਈ ਨਹੀਂ, ਸਗੋਂ ਗਿਆਨ ਲਈ ਸਿੱਖਦਾ ਹੈ।

ਇਸ ਪੱਧਤੀ ਨਾਲ ਬੱਚਿਆਂ ਵਿੱਚ ਜੀਵਨ ਲਈ ਲੋੜੀਂਦੇ ਕਈ ਗੁਣ ਵਿਕਸਿਤ ਹੁੰਦੇ ਹਨ। ਉਹ ਸਮੱਸਿਆਵਾਂ ਦਾ ਹੱਲ ਲੱਭਣਾ, ਫ਼ੈਸਲੇ ਲੈਣਾ, ਸੰਚਾਰ ਕਰਨਾ, ਰਚਨਾਤਮਕ ਸੋਚਣਾ, ਟੀਮ ਵਿੱਚ ਕੰਮ ਕਰਨਾ ਅਤੇ ਨਵੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਣਾ ਸਿੱਖਦੇ ਹਨ। ਇਹ ਉਹ ਹੁਨਰ ਹਨ ਜੋ ਭਵਿੱਖ ਦੀ ਦੁਨੀਆ ਵਿੱਚ ਬਹੁਤ ਮਹੱਤਵਪੂਰਨ ਹੋਣਗੇ।

ਅਨਸਕੂਲਿੰਗ ਦਾ ਇੱਕ ਹੋਰ ਫ਼ਾਇਦਾ ਇਹ ਹੈ ਕਿ ਇਹ ਬੱਚਿਆਂ ਨੂੰ ਬੇਲੋੜੇ ਪ੍ਰੀਖਿਆਈ ਤਣਾਅ ਅਤੇ ਮੁਕਾਬਲੇ ਦੀ ਦੌੜ ਤੋਂ ਕੁਝ ਹੱਦ ਤੱਕ ਦੂਰ ਰੱਖਦੀ ਹੈ। ਇੱਥੇ ਸਫ਼ਲਤਾ ਦਾ ਮਾਪਦੰਡ ਸਿਰਫ਼ ਨੰਬਰ ਨਹੀਂ, ਸਗੋਂ ਸਮਝ, ਤਜਰਬਾ ਅਤੇ ਵਿਅਕਤੀਗਤ ਵਿਕਾਸ ਹੁੰਦਾ ਹੈ। ਹਾਲਾਂਕਿ ਅਨਸਕੂਲਿੰਗ ਬਾਰੇ ਕੁਝ ਚਿੰਤਾਵਾਂ ਵੀ ਹਨ। ਕਈ ਲੋਕਾਂ ਦਾ ਮੰਨਣਾ ਹੈ ਕਿ ਬਿਨਾਂ ਨਿਰਧਾਰਤ ਪਾਠਕ੍ਰਮ ਦੇ ਬੱਚੇ ਗਣਿਤ, ਭਾਸ਼ਾ, ਵਿਗਿਆਨ ਅਤੇ ਸਮਾਜਿਕ ਵਿਗਿਆਨ ਵਰਗੇ ਬੁਨਿਆਦੀ ਵਿਸ਼ਿਆਂ ਵਿੱਚ ਪਿੱਛੇ ਰਹਿ ਸਕਦੇ ਹਨ। ਕੁਝ ਲੋਕ ਸਮਾਜਿਕ ਸੰਪਰਕ, ਅਨੁਸ਼ਾਸਨ ਅਤੇ ਉੱਚ ਸਿੱਖਿਆ ਵਿੱਚ ਦਾਖਲੇ ਨੂੰ ਲੈ ਕੇ ਵੀ ਸਵਾਲ ਉਠਾਉਂਦੇ ਹਨ। ਇਸ ਲਈ ਅਨਸਕੂਲਿੰਗ ਦੀ ਸਫ਼ਲਤਾ ਲਈ ਮਾਪਿਆਂ ਜਾਂ ਮਾਰਗਦਰਸ਼ਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੂੰ ਬੱਚਿਆਂ ਲਈ ਅਜਿਹਾ ਮਾਹੌਲ ਤਿਆਰ ਕਰਨਾ ਪੈਂਦਾ ਹੈ ਜਿੱਥੇ ਜਿਗਿਆਸਾ ਨੂੰ ਉਤਸ਼ਾਹ ਮਿਲੇ, ਸਿੱਖਣ ਦੇ ਮੌਕੇ ਉਪਲਬਧ ਹੋਣ ਅਤੇ ਲੋੜ ਪੈਣ 'ਤੇ ਸਹੀ ਦਿਸ਼ਾ-ਨਿਰਦੇਸ਼ ਵੀ ਮਿਲਦਾ ਰਹੇ। ਆਜ਼ਾਦੀ ਦੇ ਨਾਲ ਜ਼ਿੰਮੇਵਾਰ ਮਾਰਗਦਰਸ਼ਨ ਅਨਸਕੂਲਿੰਗ ਦੀ ਅਸਲ ਤਾਕਤ ਹੈ।

ਡਾ ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਅਜ਼ੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ

ਕ੍ਰਿਤ੍ਰਿਮ ਬੁੱਧੀ (19), ਰੋਬੋਟਿਕਸ ਅਤੇ ਤੇਜ਼ੀ ਨਾਲ ਬਦਲ ਰਹੀ ਰੁਜ਼ਗਾਰ ਦੀ ਦੁਨੀਆ ਵਿੱਚ ਸਿਰਫ਼ ਡਿਗਰੀਆਂ ਕਾਫ਼ੀ ਨਹੀਂ ਰਹਿ ਗਈਆਂ। ਅੱਜ ਲੋੜ ਹੈ ਅਜਿਹੇ ਲੋਕਾਂ ਦੀ ਜੋ ਲਗਾਤਾਰ ਸਿੱਖ ਸਕਣ, ਨਵੀਆਂ ਸਮੱਸਿਆਵਾਂ ਦਾ ਹੱਲ ਲੱਭ ਸਕਣ ਅਤੇ ਬਦਲਦੇ ਸਮੇਂ ਨਾਲ ਆਪਣੇ ਆਪ ਨੂੰ ਢਾਲ ਸਕਣ। ਅਨਸਕੂਲਿੰਗ ਇਸੇ ਸੋਚ ਨੂੰ ਮਜ਼ਬੂਤ ਕਰਦੀ ਹੈ।

ਬੇਸ਼ੱਕ, ਅਨਸਕੂਲਿੰਗ ਹਰ ਬੱਚੇ ਲਈ ਇੱਕੋ ਜਿਹੀ ਢੰਗ ਵਾਲੀ ਪੱਧਤੀ ਨਹੀਂ ਹੈ। ਕੁਝ ਬੱਚੇ ਸਕੂਲ ਦੇ ਅਨੁਸ਼ਾਸਿਤ ਮਾਹੌਲ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ, ਜਦਕਿ ਕੁਝ ਬੱਚੇ ਖੁੱਲ੍ਹੇ ਅਤੇ ਸੁਤੰਤਰ ਮਾਹੌਲ ਵਿੱਚ ਆਪਣੀ ਅਸਲ ਸਮਰੱਥਾ ਦਿਖਾਉਂਦੇ ਹਨ। ਇਸ ਲਈ ਸਿੱਖਿਆ ਦਾ ਮਕਸਦ ਇੱਕੋ ਮਾਡਲ ਸਭ 'ਤੇ ਲਾਗੂ ਕਰਨਾ ਨਹੀਂ, ਸਗੋਂ ਹਰ ਬੱਚੇ ਦੀਆਂ ਲੋੜਾਂ ਅਨੁਸਾਰ ਸਿੱਖਣ ਦੇ ਮੌਕੇ ਪੈਦਾ ਕਰਨਾ ਹੋਣਾ ਚਾਹੀਦਾ ਹੈ।

ਅੰਤ ਵਿੱਚ, ਸਿੱਖਿਆ ਦਾ ਅਸਲ ਮਕਸਦ ਕੇਵਲ ਪ੍ਰੀਖਿਆ ਪਾਸ ਕਰਨਾ ਜਾਂ ਸਰਟੀਫਿਕੇਟ ਹਾਸਲ ਕਰਨਾ ਨਹੀਂ, ਸਗੋਂ ਇੱਕ ਜ਼ਿੰਮੇਵਾਰ, ਸੰਵੇਦਨਸ਼ੀਲ, ਸੋਚਵਾਨ ਅਤੇ ਸਾਰੀ ਉਮਰ ਸਿੱਖਣ ਵਾਲਾ ਇਨਸਾਨ ਬਣਾਉਣਾ ਹੈ। ਅਨਸਕੂਲਿੰਗ ਅੰਦੋਲਨ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸਿੱਖਣਾ ਸਕੂਲ ਦੀ ਘੰਟੀ ਨਾਲ ਸ਼ੁਰੂ ਨਹੀਂ ਹੁੰਦਾ ਅਤੇ ਨਾ ਹੀ ਡਿਗਰੀ ਨਾਲ ਖ਼ਤਮ ਹੁੰਦਾ ਹੈ। ਅਸਲ ਸਿੱਖਿਆ ਤਾਂ ਜੀਵਨ ਦੇ ਹਰ ਤਜਰਬੇ, ਹਰ ਸਵਾਲ ਅਤੇ ਹਰ ਨਵੇਂ ਅਨੁਭਵ ਨਾਲ ਲਗਾਤਾਰ ਜਾਰੀ ਰਹਿੰਦੀ ਹੈ।

# ਰਸਮਾਂ ਰੀਤਾਂ ਕਿ ਕੁਰੀਤੀਆਂ... ?

ਸਾਡੇ ਸਮਾਜ ਵਿੱਚ ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਬਹੁਤ ਰੀਤੀ ਰਿਵਾਜ ਜੁੜੇ ਹੋਏ ਹਨ। ਅਸਲ ਵਿੱਚ ਰੀਤੀ ਰਿਵਾਜ ਜਾਂ ਰਸਮਾਂ ਕੀ ਹੁੰਦੇ ਹਨ ? ਇਸ ਦੀ ਪਰਿਭਾਸ਼ਾ ਜਾਣਨਾ ਵੀ ਜ਼ਰੂਰੀ ਹੈ। ਉਂਝ ਰੀਤੀ ਰਿਵਾਜ ਇੱਕ ਰਸਮੀ ਢੰਗ ਹੈ ਜਿਸ ਵਿੱਚ ਇੱਕ ਸਮੂਹ ਜਾਂ ਭਾਈਚਾਰੇ ਦੇ ਲੋਕ ਨਿਯਮਤ ਤੌਰ @ਤੇ ਜੁੜਦੇ ਹਨ ਅਤੇ ਕੁਛ ਕਾਰਜ ਨਿਭਾਏ ਜਾਂਦੇ ਹਨ। ਸਾਡੇ ਪੁਰਖਿਆਂ ਦੁਆਰਾ ਜੋ ਸ਼ਗਨ ਜਾਂ ਕਾਰਜ ਮਿੱਥੇ ਗਏ ਸਨ ਉਹ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਹਨ ਤੇ ਲੋਕ ਉਹਨਾਂ ਨੂੰ ਅਪਣਾ ਕੇ ਅਗਾਂਹ ਦੀ ਅਗਾਂਹ ਚਲਾਉਂਦੇ ਆ ਰਹੇ ਹਨ ਇਸੇ ਲੜੀ ਨੂੰ ਰੀਤਾਂ ਕਿਹਾ ਜਾਂਦਾ ਹੈ ਅਤੇ ਰੀਤਾਂ ਨੂੰ ਅਪਣਾਉਣ ਨਾਲ ਉਹ ਰਿਵਾਜ ਬਣ ਜਾਂਦੇ ਹਨ ਤੇ ਜੋ ਕਾਰਜ ਨਿਭਾਏ ਜਾਂਦੇ ਹਨ ਉਹ ਰਸਮਾਂ ਹੁੰਦੀਆਂ ਹਨ। ਸਾਡੇ ਵੱਡੇ ਵਡੇਰਿਆਂ ਨੇ ਜੋ ਵੀ ਰੀਤਾਂ ਚਲਾਈਆਂ ਤੇ ਰਸਮਾਂ ਬਣਾਈਆਂ ਸਨ ਉਹਨਾਂ ਪਿੱਛੇ ਕੋਈ ਨਾ ਕੋਈ ਆਧਾਰ ਜ਼ਰੂਰ ਹੁੰਦਾ ਸੀ। ਉਹਨਾਂ ਪਿੱਛੇ ਕੋਈ ਨਾ ਕੋਈ ਕਾਰਨ ਛੁਪਿਆ ਹੋਇਆ ਹੁੰਦਾ ਸੀ ਜਿਸ ਦਾ ਨਤੀਜਾ ਸਾਰਥਕ ਹੀ ਨਿਕਲਦਾ ਸੀ। ਪਰ ਅੱਜ ਕੱਲ੍ਹ ਉਹੀ ਰੀਤੀ-ਰਿਵਾਜ ਅਤੇ ਰਸਮਾਂ ਖੁਸ਼ੀ ਦੇਣ ਵਾਲੀਆਂ ਘੱਟ ਸਗੋਂ ਕੁਰੀਤੀਆਂ ਵੱਧ ਬਣ ਕੇ ਉੱਭਰ ਰਹੀਆਂ ਹਨ। ਸਦੀ ਪਲਟਦੇ ਹੀ ਦੁਨੀਆ ਵਿੱਚ ਵਿਖਾਵੇ ਦੀ ਹੋੜ ਜਿਹੀ ਲੱਗ ਗਈ ਹੈ। ਪਹਿਲਾਂ ਲੋਕ ਕੋਈ ਵੀ ਕੰਮ ਆਪਣੀ ਹੈਸੀਅਤ ਨੂੰ ਮੁੱਖ ਰੱਖ ਕੇ ਕਰਦੇ ਸਨ,ਅੱਜ ਦੇ ਜ਼ਮਾਨੇ ਵਿੱਚ ਲੋਕ ਕੋਈ ਵੀ ਕੰਮ ਦੁਨੀਆਂ ਨੂੰ ਮੁੱਖ ਰੱਖ ਕੇ ਕਰਦੇ ਹਨ। ਉਹਨਾਂ ਦੀ ਸੋਚ ਉੱਪਰ ਦੁਨੀਆਂ ਦੀ ਸੋਚ ਦਾ ਪਹਿਰਾ ਲੱਗਿਆ ਹੁੰਦਾ ਹੈ। ਉਦਾਹਰਣ ਵਜੋਂ ਜੇ ਕਿਤੇ ਵਿਆਹ ਵਾਲੀ ਕੁੜੀ ਜਾਂ ਮੁੰਡੇ ਨੂੰ ਵਿਆਹ ਦੀ ਪੁਸ਼ਾਕ ਲੈ ਕੇ ਦੇਣੀ ਹੁੰਦੀ ਸੀ ਤਾਂ ਪਹਿਲਾਂ ਲੋਕ ਆਪਣੀ ਆਰਥਿਕ ਹਾਲਤ ਨੂੰ, ਆਪਣੀ ਪਸੰਦ ਨੂੰ ਤੇ ਆਪਣੇ ਵੱਡਿਆਂ ਦੀ ਸੋਚ ਨੂੰ ਮੁੱਖ ਰੱਖ ਕੇ ਬਣਾਉਂਦੇ ਸਨ ਪਰ ਅੱਜ ਕੱਲ੍ਹ ਲੋਕ ਨਾ ਆਪਣੇ ਸ਼ਿਸ਼ਟਾਚਾਰ ਨੂੰ ਮੁੱਖ ਰੱਖਦੇ ਹਨ,ਨਾ ਆਪਣੀ ਆਰਥਿਕ ਸਥਿਤੀ ਵੱਲ ਧਿਆਨ ਦਿੰਦੇ ਹਨ ਤੇ ਨਾ ਹੀ ਘਰ ਦੇ ਵੱਡਿਆਂ ਦੀ ਸੋਚ ਦੀ ਕਦਰ ਕਰਦੇ ਹਨ। ਅੱਜ ਕੱਲ੍ਹ ਇਹ ਸੋਚਿਆ ਜਾਂਦਾ ਹੈ ਕਿ ਜੇ ਕਿਤੇ ਉਹਨਾਂ ਨੇ ਨਵੇਂ ਫੈਸ਼ਨ ਦੀ ਪੁਸ਼ਾਕ ਨਾ ਪਾਈ ਤਾਂ ਲੋਕ ਕੀ ਸੋਚਣਗੇ,ਜੇ ਮਹਿੰਗੀ ਐ ਤਾਂ ਕੀ ਹੋਇਆ ਕਰਜ਼ਾ ਲੈ ਕੇ ਕਿਉਂ ਨਾ ਜ਼ਮਾਨੇ ਦੇ ਨਾਲ ਤੁਰਿਆ ਜਾਏ, ਵੱਡੇ ਬਜ਼ੁਰਗਾਂ ਦਾ ਕੀ ਏ, ਉਹਨਾਂ ਨੂੰ ਤਾਂ ਆਖ ਦਿੱਤਾ ਜਾਂਦਾ ਹੈ,÷ ਤੁਹਾਡੇ ਜ਼ਮਾਨੇ ਚਲੇ ਗਏ ਹਨ.... ਅੱਜ ਕੱਲ੍ਹ ਦੇ ਬੱਚਿਆਂ ਨੇ ਤਾਂ ਆਪਣੇ ਜ਼ਮਾਨੇ ਦੇ ਹਿਸਾਬ ਨਾਲ ਹੀ ਚੱਲਣਾ ਹੈ...! ਬਹੁਤ ਸਾਰੇ ਇਹੋ ਜਿਹੇ ਰੀਤੀ ਰਿਵਾਜ ਸਨ ਜੋ ਵੱਡਿਆਂ ਨੇ ਸ਼ਾਇਦ ਇੱਕ ਦੂਜੇ ਦੇ ਸਹਿਯੋਗ ਲਈ ਬਣਾਏ ਸਨ ਪਰ ਉਹ ਰਿਵਾਜ ਬੜੀ ਤੇਜ਼ੀ ਨਾਲ ਕੁਰੀਤੀਆਂ ਦਾ ਰੂਪ ਧਾਰਨ ਕਰ ਰਹੇ ਹਨ। ਮੋਟੇ ਤੌਰ ਤੇ ਜੇ ਦੇਖੀਏ ਤਾਂ ਸ਼ਗਨ ਦੇਣ ਦਾ ਰਿਵਾਜ,ਦਾਜ ਦੇਣਾ,ਬੱਚਾ ਹੋਣ ਵੇਲੇ ਗਰਭਵਤੀ ਔਰਤ ਨੂੰ ਵਿਦਿਆ ਕਰਕੇ ਪੇਕੇ ਤੋਰਨਾ ਜਾਂ ਇਹੋ ਜਿਹੇ ਅਨੇਕਾਂ ਹੋਰ ਨਿੱਕੇ ਮੋਟੇ ਰੀਤੀ ਰਿਵਾਜ ਸਨ ਜਿਨ੍ਹਾਂ ਪਿੱਛੇ ਕੋਈ ਚੰਗਾ ਕਾਰਨ ਛੁਪਿਆ ਹੁੰਦਾ ਸੀ ਪਰ ਇਹਨਾਂ ਰਿਵਾਜ਼ਾਂ ਉੱਪਰ ਪੂਰੀ ਤਰ੍ਹਾਂ ਵਿਖਾਵਾ ਅਤੇ ਫਜ਼ੂਲ ਖਰਚੀ ਭਾਰੂ ਹੋ ਚੁੱਕੇ ਹਨ। ਸ਼ਗਨ ਜਾਂ ਦਾਜ ਦੇਣ ਦਾ ਮੁੱਖ ਕਾਰਨ ਇਹ ਹੁੰਦਾ ਸੀ ਕਿ ਇੱਕ ਤਾਂ ਵੱਡਿਆਂ ਵੱਲੋਂ ਪਿਆਰ ਦੇ ਰੂਪ ਆਸ਼ੀਰਵਾਦ ਮਿਲ ਜਾਂਦਾ ਸੀ ਤੇ ਦੂਜਾ ਇਹ ਧਨ ਰਾਸ਼ੀ ਜਾਂ ਹੋਰ ਨਿੱਕਾ ਮੋਟਾ ਸਮਾਨ ਬੱਚਿਆਂ ਨੂੰ ਦਿੱਤਾ ਜਾਂਦਾ ਸੀ ਉਸ ਵਿੱਚ ਲਾਲਚ ਨਾਲ਼ੋਂ ਵੱਧ ਪਿਆਰ ਅਤੇ ਚਾਅ ਛੁਪਿਆ ਹੁੰਦਾ ਸੀ। ਦਾਜ ਦੇਣ ਲਈ ਵੀ ਕੁੜੀ ਦੇ ਮਾਪਿਆਂ ਨੂੰ ਉਹਨਾਂ ਦੇ ਰਿਸ਼ਤੇਦਾਰ ਪੁੱਛ ਕੇ ਜਾਂ ਦੱਸ ਕੇ ਸਮਾਨ ਦਿੰਦੇ ਸਨ ਤਾਂ ਜੋ ਧੀ ਦੇ ਮਾਪਿਆਂ ਦੇ ਇਸ ਕਾਰਜ ਵਿੱਚ ਹੰਭਲਾ ਮਾਰੀਏ ਤਾਂ ਜੋ ਉਹਨਾਂ ਦਾ ਬੋਝ ਘਟ ਜਾਏ।ਪਰ ਅੱਜ ਇਹ ਸ਼ਗਨ ਜਾਂ ਦਾਜ ਦੇਣ ਦੀ ਸਭ ਤੋਂ ਮਾੜੀ ਸਮਾਜਿਕ ਕੁਰੀਤੀ ਬਣ ਗਈ ਹੈ। ਸ਼ਗਨ ਦੇਣ ਦਾ ਰਿਵਾਜ ਅੱਜ ਕੱਲ੍ਹ ਸਿਰਫ਼ ਨਿਵੇਸ਼ ਦਾ ਸਾਧਨ ਬਣ ਚੁੱਕਿਆ ਹੈ ,ਜਿਸ ਨੂੰ ਦੇਣ ਜਾਂ ਲੈਣ ਵਾਲਿਆਂ ਵੱਲੋਂ ਬਕਾਇਦਾ ਆਪਣੇ ਘਰਾਂ ਵਿੱਚ ਡਾਇਰੀਆਂ ਤੇ ਲਿਖ ਕੇ ਰੱਖਿਆ ਜਾਂਦਾ ਹੈ ਤਾਂ ਜੋ ਫੇਰ ਉਹਨਾਂ ਦੇ ਮੌਕਾ ਆਉਣ ਤੇ ਉਹ ਵਾਪਸ ਆਉਂਦਾ ਹੈ ਜਾਂ ਨਹੀਂ ਚਾਹੇ ਆਰਥਿਕ ਪੱਖੋਂ ਬਹੁਤ ਅੰਤਰ ਹੋਏ ,ਇਸ ਗੱਲ ਦਾ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ। ਇਸੇ ਤਰ੍ਹਾਂ ਦਾਜ ਦੀ ਕੁਰੀਤੀ ਤੋਂ ਤਾਂ ਆਪਣਾ ਸਮਾਜ ਭਲੀਭਾਂਤ ਜਾਣੂ ਹੈ ਪਰ ਫਿਰ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਵਿਆਹਾਂ ਵਿੱਚ ਲੈਣ ਦੇਣ ਨੂੰ ਲੈ ਕੇ ਸੌਦੇ ਕੀਤੇ ਜਾਂਦੇ ਹਨ ਜਿਸ ਦਾ ਖਾਮਿਆਜ਼ਾ ਉਹਨਾਂ ਦੀਆਂ ਔਲਾਦਾਂ ਨੂੰ ਹੀ ਭੁਗਤਣੇ ਪੈਂਦੇ ਹਨ। ਅੱਜ ਜਨਮ ਵੇਲੇ ਦੇ ਪ੍ਰੰਪਰਾਗਤ ਰਿਵਾਜ, ਜਨਮਦਿਨ ਮਨਾਉਣ ਦੇ ਪੱਛਮੀ ਸਭਿਆਚਾਰ ਅਧੀਨ ਮਨਾਏ ਜਾਣ ਵਾਲੇ ਰਿਵਾਜ, ਵਿਆਹਾਂ ਦੇ ਰਿਵਾਜ, ਇੱਥੋਂ ਤੱਕ ਕਿ ਮਰਨ ਵੇਲੇ ਆਖ਼ਰੀ ਰਸਮਾਂ ਵੇਲੇ ਦੇ ਰਿਵਾਜ ਵੀ ਕੁਰੀਤੀਆਂ ਬਣ ਚੁੱਕੇ ਹਨ ਜਿਸ ਵਿੱਚ ਨਿਰੀ ਫਜ਼ੂਲ ਖਰਚੇ ਅਤੇ ਵਿਖਾਵੇ ਦੀ ਨੁਮਾਇਸ਼ ਲਗਾਈ ਜਾਂਦੀ ਹੈ । ਜਿਹਨਾਂ ਨੇ ਜਿਊਂਦੇ ਜੀਅ ਆਪਣੇ ਬਜ਼ੁਰਗਾਂ ਨੂੰ ਰੋਟੀ ਪਾਣੀ ਤੋਂ ਵੀ ਤਰਸਾ ਤਰਸਾ ਕੇ ਮਰਨ ਲਈ ਛੱਡ ਦਿੱਤਾ ਹੋਵੇ ਉਹ ਲੋਕ ਵੀ ਸਮਾਜ ਵਿੱਚ ਆਪਣੀ ਇੱਜ਼ਤ ਵਧਾਉਣ ਲਈ ਉਹੀ ਬਜ਼ੁਰਗਾਂ ਦੇ ਮਰਨੇ ਤੇ ਛੱਤੀ ਪ੍ਰਕਾਰ ਦੇ ਖਾਣੇ ਲਗਾ ਕੇ ਬੜੀ ਲਾਇਕ ਔਲਾਦ ਹੋਣ ਦਾ ਸਬੂਤ ਦਿੰਦੇ ਹਨ। ਇਸ ਤਰ੍ਹਾਂ ਸਾਡੇ ਸਮਾਜ ਵਿੱਚ ਰੀਤੀ ਰਿਵਾਜਾਂ ਦੇ ਨਾਂ ਤੇ ਨਿਰਾ ਵਿਖਾਵਾ ਕੀਤਾ ਜਾਂਦਾ ਹੈ ,ਨਿਰੀ ਨੁਮਾਇਸ਼ ਲਗਾਈ ਜਾਂਦੀ ਹੈ, ਆਪਣੇ ਆਪ ਵੱਲੋਂ ਧਨਾਢ ਹੋਣ ਦਾ ਪੂਰਾ ਜ਼ੋਰ ਲਗਾ ਦਿੱਤਾ ਜਾਂਦਾ ਹੈ ਚਾਹੇ ਵੀਹ ਵੀਹ ਲੱਖ ਰੁਪਏ ਕਰਜ਼ਾ ਕਿਉਂ ਨਾ ਚੁੱਕਿਆ ਜਾਏ। ਜਿਹੜੇ ਸ਼ਗਨ ਮੂੰਹ ਨੂੰ ਗੁੜ ਦੀ ਰੋੜੀ ਲਾ ਕੇ ਨਿਭਾ ਲਏ ਜਾਂਦੇ ਸਨ ਉਹ ਗੀਰਿਆਂ ਦੀਆਂ ਮੁੰਦਰੀਆਂ ਵਟਾ ਕੇ ਨਿਭਾਏ ਜਾਣ ਲੱਗ ਪੈਣ ਤਾਂ ਸਮਾਜ ਵਿੱਚ ਵਧ ਰਹੀਆਂ ਕੁਰੀਤੀਆਂ ਨੂੰ ਕੋਈ ਨਹੀਂ ਰੋਕ ਸਕਦਾ। ਇਸ ਸਭ ਲਈ ਕੋਈ ਇੱਕ ਧਿਰ ਜ਼ਿੰਮੇਵਾਰ ਨਹੀਂ ਹੁੰਦੀ ਸਗੋਂ ਦੋਵੇਂ ਧਿਰਾਂ ਬਰਾਬਰ ਦੀਆਂ ਜ਼ਿੰਮੇਵਾਰ ਹੁੰਦੀਆਂ ਹਨ।

ਬਰਜਿੰਦਰ ਕੌਰ ਬਿਸਰਾਓ...
9988901324

# ਪੰਜਾਬੀ ਸਭਿਆਚਾਰ ਦੇ ਕਿੱਦਰ ਅਲੋਪ ਹੋ ਗਏ ਘੱਗਰੇ ਤੇ ਫੁਲਕਾਰੀਆਂ ?



ਫੁਲਕਾਰੀ ਸਿਰਫ਼ ਪਰੰਪਰਾਗਤ ਕਲਾ ਨਹੀਂ ਹੈ; ਇਹ ਪੰਜਾਬ ਦੇ ਜਜ਼ਬਾਤ, ਪਿਆਰ, ਰੰਗ, ਸੱਭਿਆਚਾਰ ਤੇ ਪਰੰਪਰਾਵਾਂ ਦੀ ਕਹਾਣੀ ਹੈ। ਫੁਲਕਾਰੀ ਦੀ ਸਾਰਥਕਤਾ ਅੱਜ ਵੀ ਘੱਟ ਨਹੀਂ ਹੋਈ ਹੈ ਅਤੇ ਪੰਜਾਬ ਵਿੱਚ ਹੋਣ ਵਾਲੇ ਸਾਰੇ ਵਿਆਹਾਂ, ਜਨਮ, ਤਿਉਹਾਰਾਂ ਤੇ ਰਸਮਾਂ ਦਾ ਅਨਿੱਖੜਵਾਂ ਅੰਗ ਬਣੀ ਹੋਈ ਹੈ। ਪਰ ਸਮੇਂ ਦੇ ਹਿਸਾਬ ਨਾਲ ਬਹੁਤ ਸਾਰੇ ਇਲਾਕਿਆਂ 'ਚ ਇਹ ਲੋਪ ਹੋ ਚੁੱਕੀ ਹੈ। ਫੁਲਕਾਰੀ ਅੱਜ ਕੱਲ੍ਹ ਜਿਵੇਂ ਬੁਝਾਰਤ ਬਣ ਕੇ ਗੀਤਾਂ ਆਦਿ ਵਿਚ ਹੀ ਸਮੋ ਕੇ ਰਹਿ ਗਈ ਹੈ। ਅੱਜ ਕਿਸੇ ਨੇ ਫੁਲਕਾਰੀ ਦੇਖਣੀ ਹੋਵੇ ਤਾਂ ਅਜਾਇਬ ਘਰਾਂ ਵਿਚ ਜਾਂ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲਿਸਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਨ ਵਾਲਿਆਂ ਦੀ ਸਟੇਜਾਂ ਤੇ ਫੁੱਲਕਾਰੀ ਦੀ ਝਲਕ ਮਿਲ ਸਕਦੀ ਹੈ।

ਜੇਕਰ ਅਸੀਂ ਕਹੀਏ ਕਿ ਸਾਡੀਆਂ ਪੰਜਾਬਣਾਂ ਨੇ ਫੁਲਕਾਰੀ ਨੂੰ ਪੂਰੀ ਤਰਾਂ ਵਿਸਾਰ ਦਿੱਤਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ। ਫੁਲਕਾਰੀ ਕਢਾਈ ਭਾਰਤ ਤੇ ਪਾਕਿਸਤਾਨ ਦੇ ਪੰਜਾਬ ਖੇਤਰ ਤੋਂ ਇੱਕ ਰਵਾਇਤੀ ਕਢਾਈ ਤਕਨੀਕ ਹੈ। 'ਫੁਲਕਾਰੀ' ਸ਼ਬਦ ਦਾ ਅਰਥ ਹੈ 'ਫੁੱਲਾਂ ਦਾ ਕੰਮ' ਅਤੇ ਕਢਾਈ ਦੀ ਇਹ ਸ਼ੈਲੀ ਗੁੰਝਲਦਾਰ ਫੁੱਲਾਂ ਦੇ ਨਮੂਨਿਆਂ ਦੀ ਵਿਸ਼ੇਸ਼ਤਾ ਵਾਲੇ ਇਸਦੇ ਜੀਵੰਤ ਤੇ ਰੰਗੀਨ ਡਿਜ਼ਾਈਨ ਲਈ ਜਾਣੀ ਜਾਂਦੀ ਹੈ। ਫੁਲਕਾਰੀ ਦੀ ਕਢਾਈ ਅਕਸਰ ਸ਼ਾਲਾਂ, ਦੁਪੱਟਿਆਂ (ਸਕਾਰਫ਼ਾਂ) ਅਤੇ ਹੋਰ ਕੱਪੜਿਆਂ 'ਤੇ ਕੀਤੀ ਜਾਂਦੀ ਹੈ, ਅਤੇ ਇਹ ਇਸ ਖੇਤਰ ਵਿੱਚ ਸੱਭਿਆਚਾਰਕ ਅਤੇ ਪ੍ਰਤੀਕਾਤਮਕ ਮਹੱਤਵ ਰੱਖਦੀ ਹੈ। ਤਕਨੀਕ ਵਿਚ ਆਮ ਤੌਰ 'ਤੇ ਫੈਬਰਿਕ ਦੇ ਪਿਛਲੇ ਪਾਸੇ ਡਰਨ ਸਟੀਚ ਦੀ ਵਰਤੋਂ ਸ਼ਾਮਲ ਹੁੰਦੀ ਹੈ, ਜਿਸ ਨਾਲ ਸਾਹਮਣੇ ਵਾਲੇ ਪਾਸੇ ਇੱਕ ਵਿਲੱਖਣ ਦਿੱਖ ਬਣ ਜਾਂਦੀ ਹੈ।

ਜਦੋਂ ਕਿਸੇ ਸੱਜ-ਵਿਆਹੀ ਦਾ ਮਾਹੀ ਉਸ ਵੱਲ ਘੱਟ ਤਵੱਜੋਂ ਦਿੰਦਾ ਹੈ ਤਾਂ ਉਸਦੀ ਨਾਰ ਆਪਣੇ ਸੱਜਣ ਨੂੰ ਨਿਹੋਰਾ ਮਾਰ ਕੇ ਬੜੇ ਗੁੱਸੇ ਅਤੇ ਪਿਆਰ ਨਾਲ ਸਮਝਾਉਂਦੀ ਹੈ ਅਤੇ ਆਪਣੇ ਸੁਹੱਪਣ ਤੇ ਉੱਤੇ ਲਈ ਫੁਲਕਾਰੀ ਦਾ ਵਾਸਤਾ ਵੀ ਦਿੰਦੀ ਹੈ। ਨਾਲ ਹੀ ਉਨ੍ਹਾਂ ਲੋਕਾਂ ਦਾ ਚੇਤਾ ਵੀ ਕਰਵਾਉਂਦੀ ਹੈ ਜੋ ਕਿ ਸਾਰੀ ਉਮਰ ਔਰਤ ਦਾ ਸਾਥ ਨਾ ਲੱਭ ਸਕੇ ਤੇ ਲੋਕਾਂ ਵੱਲ ਦੇਖ ਕੇ ਝੁਰਦਿਆਂ ਹੀ ਉਮਰ ਬਿਤਾ ਦਿੱਤੀ,

ਸੋਹਣੀ ਸੁਨੱਖੀ ਮੁਟਿਆਰ ਤੇਰੀ, ਉੱਤੇ ਸੂਹੀ ਫੁਲਕਾਰੀ
ਕਈ ਰੰਨਾਂ ਨੂੰ ਝੂਰਦੇ ਹੋ ਗਏ ਬੁੱਢੇ, ਤੂੰ ਮੂਰਖਾ ਮਨੋਂ ਵਿਸਾਰੀ।

ਪੰਜਾਬ ਦੀਆਂ ਔਰਤਾਂ ਵੱਲੋਂ ਫੁਲਕਾਰੀ ਕਲਾ ਦਾ ਅਭਿਆਸ ਕੀਤਾ ਜਾਂਦਾ ਸੀ। ਦਰੱਖ਼ਤ ਦੀ ਸੁਰੱਖਿਆ ਵਾਲੀ ਛਾਂ ਵਿਚ ਖਿੱਚੀਆਂ ਚਰਖੜੀਆਂ 'ਤੇ ਬੈਠ ਕੇ, ਪੰਜਾਬ ਭਰ ਦੇ ਪਿੰਡਾਂ ਅਤੇ ਛੋਟੇ ਕਸਬਿਆਂ ਦੀਆਂ ਔਰਤਾਂ ਅਕਸਰ ਦੁਪੱਟਿਆਂ, ਸ਼ਾਲਾਂ ਜਾਂ ਹੋਰ ਕੱਪੜਿਆਂ 'ਤੇ ਸ਼ਾਨਦਾਰ 'ਫੁਲਕਾਰੀ' ਫੁੱਲਾਂ ਦੀ ਕਢਾਈ ਕਰਨ ਵਿੱਚ ਰੁੱਝੀਆਂ ਰਹਿੰਦੀਆਂ ਸਨ। ਇਹ ਕਲਾ ਪੂਰੇ ਪੰਜਾਬ ਵਿਚ ਪ੍ਰਚਲਿਤ ਸੀ ਜੋ 1947 ਦੀ ਵੰਡ ਤੋਂ ਬਾਅਦ ਵੰਡੀ ਗਈ ਸੀ। ਇਸ ਲਈ ਹੁਣ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚ ਫੁਲਕਾਰੀ ਦਾ ਅਭਿਆਸ ਕੀਤਾ ਜਾਂਦਾ ਹੈ। ਫੁਲਕਾਰੀ ਦੀਆਂ ਤਾਰਾਂ ਦੋਹਾਂ ਦੇਸ਼ਾਂ ਦੇ ਸੱਭਿਆਚਾਰਕ ਰਿਸ਼ਤੇ ਨੂੰ ਜੋੜਦੀਆਂ ਹਨ। ਔਰਤਾਂ ਕੱਪੜਿਆਂ 'ਤੇ ਸ਼ਾਨਦਾਰ ਕਢਾਈ ਕਰਦੇ ਲੋਕ ਗੀਤ ਗਾਉਂਦੀਆਂ ਸਨ।

ਸੂਹੇ ਰੰਗ ਦੀ ਫੁਲਕਾਰੀ ਮੇਰੀਉੱਤੇ ਫੁੱਲ ਬੂਟੇ ਮੈਂ ਪਾਂਦੀ ਆਂ
ਸੱਜਣਾਂ ਦੀ ਉਡੀਕ ਵਿਚ, ਰੋਜ਼ ਮੈਂ ਇੱਕ ਤੰਦ ਪਾਂਦੀ ਆਂ।

ਫੁਲਕਾਰੀ ਨੂੰ ਸਿਰਫ਼ ਕਲਾ ਨਹੀਂ ਮੰਨਿਆ ਜਾਂਦਾ, ਇਹ ਇੱਕ ਲੜਕੀ ਦਾ ਆਪਣੀ ਮਾਂ ਨਾਲ ਭਾਵਨਾਤਮਕ ਬੰਧਨ ਵੀ ਸੀ। ਜਿਸਨੇ ਉਸਦੇ ਲਈ ਫੁਲਕਾਰੀ ਬੁਣਾਈ ਸੀ। ਜਦੋਂ ਕੋਈ ਕੁੜੀ, ਔਰਤ, ਪਤਨੀ ਜਾਂ ਮਾਂ ਬਣ ਜਾਂਦੀ ਸੀ ਤਾਂ ਉਸ ਲਈ ਫੁਲਕਾਰੀ ਦੁਪੱਟਾ, ਸ਼ਾਲ ਜਾਂ ਕੱਪੜੇ ਦਾ ਸੁੰਦਰ ਟੁਕੜਾ ਬਣਾਇਆ ਜਾਂਦਾ ਸੀ ਪਰ ਅੱਜ ਕੱਲ੍ਹ ਤਾਂ ਸ਼ਾਇਦ ਇਨ੍ਹਾਂ ਗੱਲਾਂ ਵਾਰੇ ਸੁਪਨੇ ਵਿਚ ਵੀ ਨਹੀਂ ਸੋਚਦਾ।

ਕਢਾਈ ਦਾ ਰੂਪ

ਫੁਲਕਾਰੀ ਕਢਾਈ ਦਾ ਪਰੰਪਰਾਗਤ ਰੂਪ ਹੈ ਜੋ ਪੰਜਾਬ ਤੋਂ ਉਪਜੀ ਹੈ। ਇਹ ਫੁੱਲਾਂ ਦੇ ਆਕਾਰ (ਫੁਲ-ਅਕਾਰੀ) ਵਿਚ ਅਨੁਵਾਦ ਕਰਦਾ ਹੈ, ਹਾਲਾਂਕਿ ਪੈਟਰਨ ਹੁਣ ਫੁੱਲਾਂ ਤੱਕ ਸੀਮਿਤ ਨਹੀਂ ਸਨ। ਫੁਲਕਾਰੀ ਬਾਰੇ ਸਭ ਤੋਂ ਅਜੀਬ ਗੱਲ ਇਹ ਹੈ ਕਿ ਨਮੂਨੇ ਕੱਪੜੇ ਦੇ ਗ਼ਲਤ ਪਾਸੇ (ਮੋਟੇ ਪਾਸੇ) 'ਤੇ ਬਣਾਏ ਗਏ ਹਨ। ਕਢਾਈ ਦੇ ਇਸ ਰੂਪ ਨੂੰ ਇਸ ਅਨੁਸਾਰ ਤੌਰ 'ਤੇ ਸ਼ ?ਰੇਣੀਬੱਧ ਕੀਤਾ ਜਾ ਸਕਦਾ ਹੈ:

ਬਾਗ਼

ਜਿਵੇਂ ਕਿ ਤੁਸੀਂ ਜਾਣਦੇ ਹੋਵੋਗੇ ਕਿ ਪਹਿਲਾਂ ਹੀ ਬਾਗ਼ ਦਾ ਅਰਥ ਹੈ ਬਾਗ। ਇਸ ਲਈ ਬਾਗ਼ ਵਿਚ, ਪੂਰਾ ਅਧਾਰ ਕੱਪੜਾ ਫੁੱਲਾਂ ਨਾਲ ਭਰਿਆ ਹੁੰਦਾ ਹੈ, ਕਢਾਈ ਦੇ ਕੰਮ ਦੀ ਘਣਤਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਕੰਮ ਆਪਣੇ ਆਪ ਵਿਚ ਇੱਕ ਫੈਬਰਿਕ ਬਣ ਜਾਂਦਾ ਹੈ। ਇਸ ਦਾ ਨਤੀਜਾ ਵਧੇਰੇ ਸਮਾਂ ਲੈਣ ਵਾਲਾ ਅਤੇ ਮਹਿੰਗਾ ਹੁੰਦਾ ਹੈ।

ਬਾਵਨ ਬਾਗ਼

ਬਾਵਨ ਬਾਗ਼ ਇੱਕ ਕੱਪੜੇ ਉੱਤੇ 52 ਵੱਖ-ਵੱਖ ਪੈਟਰਨਾਂ ਵਾਲਾ ਮੋਜ਼ੇਕ ਹੈ। ਇਸਦੀ ਵਰਤੋਂ ਪੇਸ਼ੇਵਰ ਕਢਾਈ ਕਰਨ ਵਾਲੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਕਰਦੇ ਸਨ। ਅਫ਼ਸੋਸ ਕਿ ਅੱਜ ਫੁਲਕਾਰੀ ਤੇ ਬਾਗ਼ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ ਜਿਸ ਬਾਰੇ ਕਿਸੇ ਤਰ੍ਹਾਂ ਭਰਮ ਭੁਲੇਖਾ ਨਹੀਂ ਹੈ।

ਅਸੀਂ ਆਪਣੇ ਵਿਰਸੇ ਅਤੇ ਸੱਭਿਆਚਾਰ ਤੋਂ ਹੌਲੀ-ਹੌਲੀ ਦੂਰ ਹੋਈ ਜਾ ਰਹੇ ਹਾਂ ਜਿਸ ਦੇ ਅਸੀਂ ਖ਼ੁਦ ਜ਼ਿੰਮੇਵਾਰ ਹਾਂ ਕਿਉਂਕਿ ਧੀਆਂ-ਪੁੱਤ ਤਾਂ ਅਸੀਂ ਜ਼ਮੀਨਾਂ-ਜਾਇਦਾਦਾਂ ਗਹਿਣੇ, ਜਾਂ ਵੇਚ ਵੱਟ ਕੇ ਪ੍ਰਦੇਸੀਂ ਤੋਰ ਦਿੱਤੇ ਅਤੇ ਮਾਂ-ਬਾਪ ਸਾਰਾ ਪਰਿਵਾਰ ਕਰਜ਼ੇ ਦੀਆਂ ਕਿਸ਼ਤਾਂ ਉਤਾਰਦਾ ਹੀ ਬੁੱਢਾ ਹੋ ਜਾਂਦਾ੍ਹ ਫਿਰ ਕਦੋਂ ਮਿਲੇਗਾ ਫੁਲਕਾਰੀਆਂ ਲਈ ਸਮਾਂ੍ਹ ਬਾਕੀ ਬਚੀ-ਖੁਚੀ ਕਸਰ ਬਦਲਦੇ ਜ਼ਮਾਨੇ ਨੇ ਪੂਰੀ ਕਰ ਦਿੱਤੀ ਪਰ ਅਸੀਂ ਸ਼ਾਇਦ ਜ਼ਿਆਦਾ ਹੀ ਅਵੇਸਲੇ ਹਾਂ ਅਤੇ ਆਪਣੇ ਵਿਰਸੇ ਨੂੰ ਸਾਂਭਣ ਲਈ ਕੋਈ ਵੀ ਕਿਸੇ ਵੀ ਤਰ੍ਹਾਂ ਵੀ ਜ਼ਿੰਮੇਵਾਰੀ ਨਹੀਂ ਦਿਖਾਉਂਦੇ ਤੇ ਗੁਰਦਾਸ ਮਾਨ ਦੇ ਇਹ ਬੋਲ ਸੱਚ ਜਾਪਦੇ ਹਨ :

'ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ,
ਕੰਨਾਂ ਵਿਚ ਕੋਕਲੂ ਤੇ ਵਾਲੀਆਂ ਵੀ ਗਈਆਂ....।

ਸਾਨੂੰ ਇਹ ਯਤਨ ਕਰਨੇ ਚਾਹੀਦੇ ਹਨ ਕਿ ਸਾਡੇ ਵਿਰਸੇ ਦੀ ਪਛਾਣ ਫੁਲਕਾਰੀ ਨੂੰ ਹਮੇਸ਼ਾ ਲਈ ਆਪਣਾ ਅੰਗ ਬਣਾ ਕੇ ਰੱਖੀਏ੍ਹ ਇਹ ਸਾਡੇ ਸਾਂਝੇ ਹੰਬਲੇ ਨਾਲ ਹੀ ਸੰਭਵ

**-ਸੁਰਜੀਤ ਸਿੰਘ ਫਲੋਰਾ**

# ਦੁਨੀਆਦਾਰੀ - ਸਿਆਣਪ, ਸੱਚਾਈ ਤੇ ਸੰਤੁਲਿਤ ਵਿਹਾਰ ਦੀ ਕਲਾ

– ਇਨਸਾਨ ਇੱਕ ਸਮਾਜਿਕ ਪ੍ਰਾਣੀ ਹੈ । ਉਹ ਇਕੱਲਾ ਨਹੀਂ ਰਹਿ ਸਕਦਾ, ਸਗੋਂ ਪਰਿਵਾਰ, ਰਿਸ਼ਤੇਦਾਰਾਂ, ਦੋਸਤਾਂ ਤੇ ਸਮਾਜ ਦੇ ਹੋਰ ਲੋਕਾਂ ਨਾਲ ਮਿਲ-ਜੁਲ ਕੇ ਆਪਣਾ ਜੀਵਨ ਬਤੀਤ ਕਰਦਾ ਹੈ। ਇਸ ਸਮਾਜਿਕ ਜੀਵਨ ਨੂੰ ਸਫ਼ਲ, ਸੁਖਮਈ ਤੇ ਸੰਤੁਲਿਤ ਢੰਗ ਨਾਲ ਜੀਣ ਦੀ ਕਲਾ ਨੂੰ ਹੀ ਦੁਨੀਆਦਾਰੀ ਕਿਹਾ ਜਾਂਦਾ ਹੈ । ਦੁਨੀਆਦਾਰੀ ਦਾ ਮਤਲਬ ਕੇਵਲ ਦੁਨੀਆ ਦੇ ਰੰਗ-ਢੰਗ ਅਪਣਾਉਣਾ ਨਹੀਂ, ਸਗੋਂ ਸਹੀ ਸਮੇਂ ਸਹੀ ਫ਼ੈਸਲਾ ਲੈਣਾ, ਹਰ ਕਿਸੇ ਨਾਲ ਆਦਰ ਸਹਿਤ ਪੇਸ਼ ਆਉਣਾ ਅਤੇ ਆਪਣੇ ਸਿਧਾਂਤਾਂ ਨਾਲ ਸਮਝੌਤਾ ਕੀਤੇ ਬਿਨਾਂ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਣਾ ਵੀ ਹੈ।

ਅੱਜ ਦੇ ਸਮੇਂ ਵਿੱਚ ਦੁਨੀਆਦਾਰੀ ਦੀ ਮਹੱਤਤਾ ਪਹਿਲਾਂ ਨਾਲੋਂ ਕਿਤੇ ਵੱਧ ਗਈ ਹੈ। ਆਧੁਨਿਕ ਜੀਵਨ ਦੀ ਭੱਜ-ਦੌੜ, ਵਧਦੀ ਹੋਈ ਪ੍ਰਤੀਯੋਗਤਾ ਅਤੇ ਸੁਆਰਥੀ ਸੋਚ ਦੇ ਕਾਰਨ ਮਨੁੱਖੀ ਰਿਸ਼ਤਿਆਂ ਵਿੱਚ ਪਹਿਲਾਂ ਵਰਗੀ ਨਿੱਘ ਅਤੇ ਭਰੋਸਾ ਘਟਦਾ ਨਜ਼ਰ ਆ ਰਿਹਾ ਹੈ। ਅਜਿਹੇ ਮਾਹੌਲ ਵਿੱਚ ਹਰ ਵਿਅਕਤੀ ਨੂੰ ਸਮਝਦਾਰੀ, ਸਬਰ ਅਤੇ ਵਿਵੇਕ ਨਾਲ ਕਦਮ ਚੁੱਕਣ ਦੀ ਲੋੜ ਹੈ।

?? ਦੁਨੀਆ ਵਿੱਚ ਹਰ ਤਰ੍ਹਾਂ ਦੇ ਲੋਕ ਮਿਲਦੇ ਹਨ। ਕੁਝ ਲੋਕ ਸੱਚੇ, ਇਮਾਨਦਾਰ, ਹਮਦਰਦ ਅਤੇ ਭਰੋਸੇਯੋਗ ਹੁੰਦੇ ਹਨ, ਜਦਕਿ ਕੁਝ ਲੋਕ ਝੂਠ, ਧੋਖੇ ਅਤੇ ਸੁਆਰਥ ਨੂੰ ਆਪਣਾ ਹਥਿਆਰ ਬਣਾ ਲੈਂਦੇ ਹਨ। ਝੂਠੇ ਲੋਕਾਂ ਪ੍ਰਤੀ ਸਾਡਾ ਰਵੱਈਆ ਨਾ ਤਾਂ ਨਫ਼ਰਤ ਭਰਿਆ ਹੋਣਾ ਚਾਹੀਦਾ ਹੈ ਅਤੇ ਨਾ ਹੀ ਅੰਨ੍ਹੇ ਵਿਸ਼ਵਾਸ ਵਾਲਾ। ਉਨ੍ਹਾਂ ਨਾਲ ਸਾਵਧਾਨੀ, ਸਿਆਣਪ ਅਤੇ ਸੰਯਮ ਨਾਲ ਪੇਸ਼ ਆਉਣਾ ਹੀ ਦੁਨੀਆਦਾਰੀ ਹੈ। ਹਰ ਗੱਲ 'ਤੇ ਤੁਰੰਤ ਭਰੋਸਾ ਕਰਨ ਦੀ ਬਜਾਏ ਹਾਲਾਤਾਂ ਨੂੰ ਪਰਖਣਾ ਅਤੇ ਆਪਣੇ ਫ਼ੈਸਲੇ ਸੋਚ-ਸਮਝ ਕੇ ਲੈਣੇ ਚਾਹੀਦੇ ਹਨ। ਕਈ ਵਾਰ ਚੁੱਪ ਰਹਿਣਾ ਅਤੇ ਵਿਅਰਥ ਦੇ ਵਾਦ-ਵਿਵਾਦ ਤੋਂ ਬਚਣਾ ਵੀ ਇੱਕ ਵੱਡੀ ਸਿਆਣਪ ਹੁੰਦੀ ਹੈ ।

ਦੂਜੇ ਪਾਸੇ, ਸੱਚੇ ਅਤੇ ਨੇਕ ਲੋਕ ਸਮਾਜ ਦੀ ਅਸਲ ਪੂੰਜੀ ਹੁੰਦੇ ਹਨ। ਅਜਿਹੇ ਲੋਕਾਂ ਦਾ ਸਤਿਕਾਰ ਕਰਨਾ, ਉਨ੍ਹਾਂ ਨਾਲ ਭਰੋਸੇਮੰਦ ਰਿਸ਼ਤੇ ਬਣਾਉਣਾ, ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨੀ ਅਤੇ ਲੋੜ ਪੈਣ 'ਤੇ ਉਨ੍ਹਾਂ ਦਾ ਸਾਥ ਦੇਣਾ ਸਾਡਾ ਨੈਤਿਕ ਫ਼ਰਜ਼ ਹੈ। ਸੱਚੇ ਲੋਕਾਂ ਦੀ ਕਦਰ ਕਰਨ ਨਾਲ ਸਮਾਜ ਵਿੱਚ ਆਪਸੀ ਵਿਸ਼ਵਾਸ, ਪਿਆਰ ਅਤੇ ਸਦਭਾਵਨਾ ਦਾ ਮਾਹੌਲ ਬਣਦਾ ਹੈ। ਚੰਗੀ ਸੰਗਤ ਮਨੁੱਖ ਦੇ ਚਰਿੱਤਰ ਨੂੰ ਨਿਖਾਰਦੀ ਹੈ ਅਤੇ ਉਸ ਨੂੰ ਸਹੀ ਰਸਤੇ 'ਤੇ ਚੱਲਣ ਦੀ ਪ੍ਰੇਰਣਾ ਦਿੰਦੀ ਹੈ । ਦੁਨੀਆਦਾਰੀ ਦਾ ਇਹ ਮਤਲਬ ਕਦੇ ਵੀ ਨਹੀਂ ਕਿ ਅਸੀਂ ਝੂਠ, ਧੋਖੇ ਜਾਂ ਬੇਇਨਸਾਫ਼ੀ ਨਾਲ ਸਮਝੌਤਾ ਕਰ ਲਈਏ। ਅਸਲ ਦੁਨੀਆਦਾਰ ਉਹ ਹੈ ਜੋ ਹਾਲਾਤਾਂ ਨੂੰ ਸਮਝਦਾ ਹੈ, ਪਰ ਆਪਣੀ ਇਮਾਨਦਾਰੀ, ਨਿਮਰਤਾ ਅਤੇ ਮਨੁੱਖਤਾ ਨੂੰ ਨਹੀਂ ਛੱਡਦਾ। ਜੋ ਵਿਅਕਤੀ ਆਪਣੇ ਸਿਧਾਂਤਾਂ 'ਤੇ ਕਾਇਮ ਰਹਿੰਦਾ ਹੈ, ਦੂਜਿਆਂ ਦੀ ਇੱਜ਼ਤ ਕਰਦਾ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਂਦਾ ਹੈ, ਉਹੀ ਅਸਲ ਅਰਥਾਂ ਵਿੱਚ ਦੁਨੀਆਦਾਰ ਹੈ ।

ਸਾਡੇ ਮਹਾਨ ਗੁਰੂਆਂ, ਸੰਤਾਂ ਅਤੇ ਵਿਦਵਾਨਾਂ ਨੇ ਵੀ ਇਹੀ ਸਿੱਖਿਆ ਦਿੱਤੀ ਹੈ ਕਿ ਸੱਚ, ਸੇਵਾ, ਨਿਮਰਤਾ ਅਤੇ ਇਨਸਾਫ਼ ਮਨੁੱਖ ਦੀ ਸਭ ਤੋਂ ਵੱਡੀ ਤਾਕਤ ਹਨ। ਦੁਨੀਆਦਾਰੀ ਦਾ ਅਰਥ ਚਲਾਕੀ ਨਹੀਂ, ਸਗੋਂ ਸਿਆਣਪ ਨਾਲ ਸੱਚ ਦੇ ਰਾਹ 'ਤੇ ਚੱਲਣਾ ਹੈ। ਜੇਕਰ ਹਰ ਮਨੁੱਖ ਆਪਣੇ ਵਿਹਾਰ ਵਿੱਚ ਇਨ੍ਹਾਂ ਗੁਣਾਂ ਨੂੰ ਅਪਣਾਏ ਤਾਂ ਨਾ ਸਿਰਫ਼ ਉਸਦਾ ਆਪਣਾ ਜੀਵਨ ਸੁਖੀ ਬਣੇਗਾ, ਸਗੋਂ ਸਮਾਜ ਵੀ ਹੋਰ ਵੱਧ ਸ਼ਾਂਤ, ਖੁਸ਼ਹਾਲ ਅਤੇ ਭਰੋਸੇਯੋਗ ਬਣੇਗਾ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਦੁਨੀਆਦਾਰੀ ਜੀਵਨ ਜਿਊਣ ਦੀ ਇੱਕ ਅਨਮੋਲ ਕਲਾ ਹੈ। ਸੱਚੇ ਲੋਕਾਂ ਦੀ ਕਦਰ ਕਰਨੀ, ਝੂਠੇ ਲੋਕਾਂ ਨਾਲ ਸਾਵਧਾਨੀ ਨਾਲ ਪੇਸ਼ ਆਉਣਾ, ਆਪਣੇ ਸਿਧਾਂਤਾਂ 'ਤੇ ਅਡੋਲ ਰਹਿਣਾ ਅਤੇ ਹਰ ਹਾਲਤ ਵਿੱਚ ਮਨੁੱਖਤਾ ਨੂੰ ਪਹਿਲ ਦੇਣਾ ਹੀ ਅਸਲ ਦੁਨੀਆਦਾਰੀ ਹੈ। ਇਹੀ ਸੋਚ ਇੱਕ ਚੰਗੇ ਇਨਸਾਨ, ਮਜ਼ਬੂਤ ਸਮਾਜ ਤੇ ਉੱਜਵਲ ਭਵਿੱਖ ਦੀ ਨੀਂਹ ਬਣਦੀ ਹੈ ।

**ਪ੍ਰੋ. ਗੀਤਾ**
**(ਗੁਰਲੀਨ ਕੌਰ)**
**ਬੋੜਾਵਾਲ ਕਾਲਜ ਮਾਨਸਾ**




ਅੰਮ੍ਰਿਤਪਾਲ ਕਲੇਰ
ਫੋਨ 8699693680

ਇਤਿਹਾਸ ਕਦੇ-ਕਦੇ ਕਿਸੇ ਇਕੱਲੇ ਮਨੁੱਖ ਦੇ ਮੋਢਿਆਂ 'ਤੇ ਆ ਕੇ ਖੜ੍ਹ ਜਾਂਦਾ ਹੈ। 13 ਅਪ੍ਰੈਲ 1919, ਜਲਿਆਂਵਾਲਾ ਬਾਗ ਦਾ ਖ਼ੂਨ ਅਜਿਹਾ ਹੀ ਇਕ ਭਾਰ ਸੀ ਜੋ ਊਧਮ ਸਿੰਘ ਦੀ ਅੰਤਰ-ਆਤਮਾ 'ਤੇ ਰਿਹਾ। ਊਧਮ ਸਿੰਘ ਦੀ ਸ਼ਹੀਦੀ ਕੇਵਲ ਬਦਲੇ ਦੀ ਕਹਾਣੀ ਨਹੀਂ। ਇਹ ਸਿਧਾਂਤ ਦੀ ਕਹਾਣੀ ਹੈ। ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ 1899 ਈਸਵੀ ਨੂੰ ਹੋਇਆ। ਰਾਜ ਜਦੋਂ ਨਿਹੱਥੇ ਲੋਕਾਂ 'ਤੇ ਗੋਲੀ ਚਲਾਉਂਦਾ ਹੈ, ਤਾਂ ਉਹ ਆਪਣੇ ਨੈਤਿਕ ਅਧਿਕਾਰ ਤੋਂ ਹੱਥ ਧੋ ਬੈਠਦਾ ਹੈ। ਜਨਰਲ ਡਾਇਰ ਨੇ ਗੋਲੀ ਚਲਾਈ ਸੀ, ਪਰ ਹੁਕਮ ਦੇਣ ਵਾਲਾ ਹੱਥ ਲੰਡਨ 'ਚ ਬੈਠਾ ਸੀ। ਮਾਈਕਲ ਓ'ਡਾਇਰ ਉਸ ਨੀਤੀ ਦਾ ਪ੍ਰਤੀਕ ਸੀ। ਇੱਕੀ ਸਾਲ ਦਾ ਇੰਤਜ਼ਾਰ। ਇਹ ਇੰਤਜ਼ਾਰ ਕੋਈ ਨਫ਼ਰਤ ਨਹੀਂ ਸੀ, ਇਹ ਇੱਕ ਬੌਧਿਕ ਪ੍ਰਤੀਬੱਧਤਾ ਸੀ। ਊਧਮ ਸਿੰਘ ਨੇ ਦੁਨੀਆਂ ਗਾਹੀ, ਨਾਮ ਬਦਲੇ, ਪਰ ਮਕਸਦ ਨਹੀਂ ਬਦਲਿਆ। ਉਹ ਸਮਝਦੇ ਸਨ ਕਿ ਇਨਕਲਾਬ ਸਿਰਫ਼ ਭਾਵਨਾ ਨਹੀਂ, ਯੋਜਨਾ ਹੈ। ਸ਼ਹੀਦੀ ਸਿਰਫ਼ ਮਰਨਾ ਨਹੀਂ ਹੁੰਦਾ, ਜ਼ਿੰਦਾ ਜ਼ਮੀਰ ਦੀ ਗਵਾਹੀ ਦੇਣਾ ਹੁੰਦਾ ਹੈ।

31 ਜੁਲਾਈ 1940, ਪੈਂਟਨਵਿਲ ਜੇਲ੍ਹ।,ਫ਼ਾਂਸੀ ਦੇ ਫੰਦੇ 'ਤੇ ਵੀ ਉਹਨਾਂ ਦੇ ਆਖਰੀ ਸ਼ਬਦ ÷ਇਨਕਲਾਬ ਜ਼ਿੰਦਾਬਾਦ÷ ਸਨ। ਉਹ ਸ਼ਹੀਦ ਨਹੀਂ, ਉਹਨਾਂ ਨੇ ਇੱਕ ਸਵਾਲ ਜਿਉਂਦਾ ਛੱਡ ਦਿੱਤਾ,ਕਿ ਕਿਸੇ ਕੌਮ ਦਾ ਹਿਸਾਬ ਕੌਣ ਦੇਵੇਗਾ? ਉਹਨਾਂ ਦੀ ਸ਼ਹੀਦੀ ਸਿਖਾਉਂਦੀ ਹੈ ਕਿ ਸ਼ਹੀਦੀ ਦਾ ਅਰਥ ਹੈ ,ਆਪਣੇ ਸਮੇਂ ਤੋਂ ਅੱਗੇ ਜੀਣਾ।

ਸ਼ਹੀਦ ਊਧਮ ਸਿੰਘ ਨੂੰ ਹੁਣ ਤੱਕ ਅਸੀਂ ਅਕਸਰ ÷ਬਦਲਾ ਲੈਣ ਵਾਲੇ÷ ਵਜੋਂ ਪੜ੍ਹਦੇ ਹਾਂ।ਇਹ ਪੜ੍ਹਨਾ ਅਧੂਰਾ ਹੈ। ਉਹ ਬਦਲੇ ਤੋਂ ਪਹਿਲਾਂ ਇੱਕ ਨਿਰਮਾਤਾ ਸਨ।

ਉਹਨਾਂ ਨੇ ਆਪਣਾ ਨਾਮ ÷ਰਾਮ ਮੁਹੰਮਦ ਸਿੰਘ ਆਜ਼ਾਦ÷ ਰੱਖਿਆ। ਇਹ ਨਾਮ ਹੀ ਇੱਕ ਸਿਧਾਂਤ ਸੀ। ਹਿੰਦੂ, ਮੁਸਲਮਾਨ, ਸਿੱਖ - ਤਿੰਨੇ ਧਰਮਾਂ ਦਾ ਸੰਗਮ। ਸਮੇਂ ਦੇ ਫਿਰਕੂ ਭਾਰਤ ਲਈ ਇਹ ਸਭ ਤੋਂ ਵੱਡਾ ਇਨਕਲਾਬ ਸੀ। ਉਹ ਸਮਝਦੇ ਸਨ ਕਿ ਅੰਗਰੇਜ਼ਾਂ ਦੀ ਸਭ ਤੋਂ ਵੱਡੀ ਤਾਕਤ ਸਾਡੀ ਫੁੱਟ ਸੀ। ਇਸ ਲਈ ਉਹਨਾਂ ਦੀ ਸ਼ਹੀਦੀ ਨੇ ਏਕਤਾ ਦਾ ਸੰਦੇਸ਼ ਦਿੱਤਾ। ਜਲਿਆਂਵਾਲਾ ਬਾਗ ਉਹਨਾਂ ਲਈ ਇੱਕ ਨਿੱਜੀ ਦੁੱਖ ਨਹੀਂ ਸੀ। ਉਹ ਉੱਥੇ ਮੌਜੂਦ ਸਨ, ਜ਼ਖਮੀਆਂ ਨੂੰ ਪਾਣੀ ਪਿਲਾ ਰਹੇ ਸਨ। ਉਹਨਾਂ ਦੇਖਿਆ ਕਿ ਕਿਵੇਂ ਸਾਮਰਾਜ ਮਨੁੱਖਤਾ ਨੂੰ ਮਾਰ ਦਿੰਦਾ ਹੈ। ਉਹਨਾਂ ਦੀ ਲੜਾਈ ਵਿਅਕਤੀ ਦੇ ਖਿਲਾਫ ਨਹੀਂ, ਇੱਕ ਸੋਚ ਦੇ ਖਿਲਾਫ ਸੀ। ਊਧਮ ਸਿੰਘ ਦੀ ਸ਼ਹੀਦੀ ਤਿੰਨ ਗੱਲਾਂ ਸਿਖਾਉਂਦੀ ਹੈ, ਧੀਰਜ ,ਇਨਕਲਾਬ ਭਾਵੁਕਤਾ ਨਾਲ ਨਹੀਂ, ਸਬਰ ਨਾਲ ਆਉਂਦਾ ਹੈ। ਕੌਮ ਉਦੋਂ ਹੀ ਅਜ਼ਾਦ ਹੁੰਦੀ ਹੈ ਜਦੋਂ ਉਸਨੂੰ ਅੰਦਰੋਂ ਗੁਲਾਮੀ ਮਹਿਸੂਸ ਹੋਵੇ।

ਊਧਮ ਸਿੰਘ ਦੀ ਸ਼ਹੀਦੀ ਇੱਕ ਬੰਦ ਕਿਤਾਬ ਨਹੀਂ। ਇਹ ਇੱਕ ਖੁੱਲ੍ਹਾ ਸਵਾਲ ਹੈ ਜੋ ਹਰ ਪੀੜ੍ਹੀ ਤੋਂ ਪੁੱਛਦਾ ਹੈ - ਤੁਸੀਂ ਆਪਣੇ ਜ਼ਮੀਰ ਦਾ ਕਰਜ਼ਾ ਕਿਵੇਂ ਚੁਕਾਓਗੇ?

ਊਧਮ ਸਿੰਘ ਉਸ ਦਿਨ 20 ਸਾਲ ਦੇ ਨੌਜਵਾਨ ਸਨ। ਉਹ ਗਦਰ ਪਾਰਟੀ ਦੇ ਸਾਥੀਆਂ ਲਈ ਪਾਣੀ ਲੈ ਕੇ ਗਏ ਸਨ। ਉਹਨਾਂ ਨੇ ਆਪਣੀਆਂ ਅੱਖਾਂ ਨਾਲ ਦੇਖਿਆ - ਬਿਨਾਂ ਚੇਤਾਵਨੀ, ਬਿਨਾਂ ਕਿਸੇ ਕਾਨੂੰਨ ਦੇ ਗੋਲੀਆਂ ਦਾ ਮੀਂਹ ਵਰ੍ਹਦਾ। ਸਭ ਤੋਂ ਵੱਡਾ ਜ਼ਖ਼ਮ ਗੋਲੀ ਦਾ ਨਹੀਂ ਸੀ। ਡਾਇਰ ਦਾ ਬਿਆਨ ਸੀ, ÷ਮੈਂ ਸਬਕ ਸਿਖਾਉਣਾ ਚਾਹੁੰਦਾ ਸੀ÷। ਅਤੇ ਇਸ ਤੋਂ ਬਾਅਦ ਬ੍ਰਿਟਿਸ਼ ਪਾਰਲੀਮੈਂਟ 'ਚ ਡਾਇਰ ਦਾ ਸਨਮਾਨ। ਜਦੋਂ ਰਾਜ ਖੁਦ ਕਾਤਲ ਬਣ ਜਾਵੇ, ਤਾਂ ਨਿਆਂ ਕਿੱਥੋਂ ਮੰਗੀਏ? ਊਧਮ ਸਿੰਘ ਨੇ ਉਸ ਦਿਨ ਸੰਹੁ ਖਾਧੀ। ਇਹ ਪ੍ਰਣ ਨਫ਼ਰਤ ਦਾ ਨਹੀਂ ਸੀ। ਇਹ ਜਵਾਬਦੇਹੀ ਸੀ।

ਊਧਮ ਸਿੰਘ ਨੇ ਬਦਲਾ ਅਗਲੇ ਹੀ ਦਿਨ ਨਹੀਂ ਲਿਆ। ਕਿਉਂਕਿ ਉਹ ਸਮਝਦੇ ਸਨ ਕਿ ਇਨਕਲਾਬ ਭਾਵੁਕਤਾ ਨਹੀਂ, ਵਿਚਾਰ ਹੈ। ਸਾਮਰਾਜਵਾਦ ਇੱਕੋ ਜਿਹਾ ਹੁੰਦਾ ਹੈ, ਅਮਰੀਕਾ, ਇਟਲੀ, ਜਰਮਨੀ, ਅਫਰੀਕਾ ਆਦਿ,ਕਾਲੇ ਹੋਣ, ਭੂਰੇ ਹੋਣ, ਭਾਰਤੀ ਹੋਣ - ਸਭ ਨਾਲ ਇੱਕੋ ਜਿਹਾ ਵਿਤਕਰਾ। ਉਹ ਗਦਰ, ਭਗਤ ਸਿੰਘ, ਲੈਨਿਨ, ਕਾਰਲ ਮਾਰਕਸ ਪੜ੍ਹਦੇ ਸਨ। ਉਹਨਾਂ ਦੀ ਲੜਾਈ ਕੇਵਲ ਭਾਰਤ ਦੀ ਨਹੀਂ, ਦੱਬੇ-ਕੁਚਲੇ ਮਨੁੱਖ ਦੀ ਲੜਾਈ ਸੀ।

ਮਾਈਕਲ ਓ'ਡਾਇਰ ਪੰਜਾਬ ਦਾ ਸਾਬਕਾ ਲੈਫਟੀਨੈਂਟ ਗਵਰਨਰ ਸੀ। ਉਹੀ ਜਿਸਨੇ ਡਾਇਰ ਦਾ ਬਚਾਅ ਕੀਤਾ ਸੀ। ਊਧਮ ਸਿੰਘ ਉਸ ਮੀਟਿੰਗ 'ਚ ਫ ?ਰੈਂਕ ਬ੍ਰਾਜ਼ੀਲ ਦੇ ਨਾਮ ਨਾਲ ਗਏ। ਹੱਥ 'ਚ ਕਿਤਾਬ, ਕਿਤਾਬ ਦੇ ਅੰਦਰ ਰਿਵਾਲਵਰ। ਗ੍ਰਿਫਤਾਰੀ ਤੋਂ ਬਾਅਦ ਅਦਾਲਤ 'ਚ ਉਹਨਾਂ ਨੇ ਕਿਹਾ, ਮੈਂ ਕੋਈ ਕਤਲ ਨਹੀਂ ਕੀਤਾ। ਮੈਂ ਆਪਣੇ ਭਰਾਵਾਂ-ਭੈਣਾਂ ਦੇ ਕਤਲ ਦਾ ਹਿਸਾਬ ਮੰਗਿਆ ਹੈ।

ਪੈਂਟਨਵਿਲ ਜੇਲ੍ਹ ,ਫ਼ਾਂਸੀ ਤੋਂ ਪਹਿਲਾਂ ਉਹਨਾਂ ਨੇ ਗੀਤਾ, ਕੁਰਾਨ ਅਤੇ ਗੁਰੂ ਗ੍ਰੰਥ ਸਾਹਿਬ ਮੰਗਵਾਏ।

ਇੱਕੀ ਸਾਲ ਇੰਤਜ਼ਾਰ, ਕਿਉਂਕਿ ਮਕਸਦ ਵੱਡਾ ਸੀ।

ਉਹ ਹਰ ਉਸ ਨੌਜਵਾਨ 'ਚ ਜ਼ਿੰਦਾ ਹਨ ਜੋ ਕਹਿੰਦਾ ਹੈ - ÷ਨਿਆਂ ਹੋਣਾ ਚਾਹੀਦਾ ਹੈ÷।

÷ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ।÷

13 ਮਾਰਚ 1940, ਲੰਡਨ ਦਾ ਕੈਕਸਟਨ ਹਾਲ, ਈਸਟ ਇੰਡੀਆ ਐਸੋਸੀਏਸ਼ਨ ਦੀ ਮੀਟਿੰਗ, ਮੰਚ 'ਤੇ ਮਾਈਕਲ ਓ'ਡਾਇਰ। ਊਧਮ ਸਿੰਘ ÷ਫ ?ਰੈਂਕ ਬ੍ਰਾਜੀਲ÷ ਦੇ ਨਾਮ ਨਾਲ ਦਰਸ਼ਕਾਂ 'ਚ ਬੈਠੇ ਸਨ। ਜੇਬ 'ਚ ਇੱਕ ਕਿਤਾਬ। ਕਿਤਾਬ ਦੇ ਪੰਨਿਆਂ ਦੇ ਵਿਚਕਾਰ ਇੱਕ ਰਿਵਾਲਵਰ। ਜਿਉਂ ਹੀ ਮੀਟਿੰਗ ਖ਼ਤਮ ਹੋਈ, ਉਹਨਾਂ ਨੇ ਦੋ ਗੋਲੀਆਂ ਚਲਾਈਆਂ। ਇੱਕ ਓ'ਡਾਇਰ ਦੇ ਸੀਨੇ 'ਤੇ, ਦੂਜੀ ਉਸ ਵਿਚਾਰਧਾਰਾ 'ਤੇ ਜਿਸਨੇ ਜਲਿਆਂਵਾਲਾ ਨੂੰ ਜਾਇਜ਼ ਠਹਿਰਾਇਆ ਸੀ।

ਗ੍ਰਿਫਤਾਰੀ ਤੋਂ ਬਾਅਦ ਅਦਾਲਤ 'ਚ ਉਹਨਾਂ ਨੇ ਕੋਈ ਵਕੀਲ ਨਹੀਂ ਕੀਤਾ। ਜੱਜ ਦੇ ਸਵਾਲ 'ਤੇ ਉਹਨਾਂ ਦਾ ਜਵਾਬ ਸੀ: ÷ਮੈਂ ਕਤਲ ਨਹੀਂ ਕੀਤਾ। ਮੈਂ ਆਪਣੇ ਦੇਸ਼ਵਾਸੀਆਂ ਦੇ ਕਤਲ ਦਾ ਹਿਸਾਬ ਮੰਗਿਆ ਹੈ। ਮੈਨੂੰ ਆਪਣੇ ਕੀਤੇ 'ਤੇ ਮਾਣ ਹੈ।÷ ਉਹ ਕਹਿ ਰਹੇ ਸਨ ਕਿ ਮੇਰੀ ਲੜਾਈ ਕਿਸੇ ਧਰਮ ਦੇ ਖਿਲਾਫ ਨਹੀਂ, ਜ਼ੁਲਮ ਦੇ ਖਿਲਾਫ ਹੈ। ਸ਼ਹੀਦ ਊਧਮ ਸਿੰਘ ਕੋਈ ਬੁੱਤ ਨਹੀਂ ,ਜਿਸ 'ਤੇ ਹਾਰ ਚੜ੍ਹਾ ਕੇ ਅਸੀਂ ਫਰਜ਼ ਮੁਕਤ ਹੋ ਜਾਈਏ। ਉਹ ਇੱਕ ਸਵਾਲ ਹਨ, ਜੋ ਹਰ ਨਾਗਰਿਕ ਤੋਂ ਪੁੱਛਦਾ ਹੈ।

ਇਤਿਹਾਸ ਕਈ ਵਾਰ ਬੜਾ ਚਲਾਕ ਹੁੰਦਾ ਹੈ। ਉਹ ਕੁਝ ਨਾਵਾਂ ਨੂੰ ਅੱਗ ਵਿੱਚੋਂ ਲੰਘਾ ਕੇ ਹੋਰ ਵੀ ਚਮਕਾ ਦਿੰਦਾ ਹੈ, ਸ਼ਹੀਦ ਊਧਮ ਸਿੰਘ ਇਤਿਹਾਸ ਦਾ ਚਮਕਿਆ ਨਾਮ ਹੈ।

ਅੱਜ ਜਦੋਂ ਅਸੀਂ ÷ਆਜ਼ਾਦ ਭਾਰਤ÷ ਦੀ ਗੱਲ ਕਰਦੇ ਹਾਂ, ਤਾਂ ਸਾਡੀ ਸੋਚ ਦਾ ਹਿੱਸਾ ਹੋਣਾ ਚਾਹੀਦਾ ਹੈ ਕਿ,ਆਜ਼ਾਦੀ ਦਾ ਮੁੱਲ ਕੀ ਸੀ? ਉਸ ਮੁੱਲ ਨੂੰ ਚੁਕਾਉਣ ਵਾਲਿਆਂ ਦਾ ਕਰਜ਼ਾ ਅਸੀਂ ਕਿਵੇਂ ਉਤਾਰਾਂਗੇ? ਜਲਿਆਂਵਾਲਾ ਬਾਗ ਕੋਈ ਰਣ-ਭੂਮੀ ਨਹੀਂ ਸੀ। ਉਹ ਇੱਕ ਖੁੱਲ੍ਹਾ ਮੈਦਾਨ ਸੀ, ਜਿੱਥੇ ਕਿਸਾਨ, ਮਜ਼ਦੂਰ, ਔਰਤਾਂ, ਬੱਚੇ ਮੇਲਾ ਦੇਖਣ ਆਏ ਸਨ। ਰੌਲੈਟ ਐਕਟ ਦੇ ਵਿਰੁੱਧ ਸ਼ਾਂਤਮਈ ਮੀਟਿੰਗ ਹੋ ਰਹੀ ਸੀ। ਦੁਪਹਿਰ ਬਾਅਦ ਸਾਡੇ ਚਾਰ ਵਜੇ ਦੇ ਕਰੀਬ ਜਨਰਲ ਡਾਇਰ ਨੱਬੇ ਸਿਪਾਹੀਆਂ ਨਾਲ ਆਇਆ। ਬਿਨਾਂ ਕਿਸੇ ਚੇਤਾਵਨੀ ਦੇ, ਬਿਨਾਂ ਕਿਸੇ ਐਲਾਨ ਦੇ, ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। 10 ਮਿੰਟ, 1650 ਰਾਉਂਡ। ਅਧਿਕਾਰਤ ਅੰਕੜਾ 379 ਮੌਤਾਂ। ਅਸਲ ਅੰਕੜਾ ਹਜ਼ਾਰਾਂ ਵਿੱਚ ਸੀ। ਸਹੀਦ ਊਧਮ ਸਿੰਘ ਜੇ ਚਾਹੁੰਦੇ ਤਾਂ ਇਸ ਕਤਲੇਆਮ ਦਾ ਬਦਲਾ ਪਹਿਲਾਂ ਵੀ ਲੈ ਸਕਦੇ ਸਨ ,ਪਰ ਉਹ ਚਾਹੁੰਦੇ ਸਨ ਕਿ ਦੁਨੀਆ ਦੇਖੇ ਕਿ ਭਾਰਤ ਦੇ ਜ਼ਖ਼ਮ ਅਜੇ ਵੀ ਹਰੇ ਹਨ। ਉਹਨਾਂ ਦੀ ਲੜਾਈ ਸਿਰਫ਼ ਭਾਰਤ ਦੀ ਨਹੀਂ ਸੀ, ਇਹ ਦੱਬੇ-ਕੁਚਲੇ ਮਨੁੱਖ ਦੀ ਹੋਂਦ ਦੀ ਕਹਾਣੀ ਸੀ। ਦਲੇਰਾਨਾ ਇੰਦਾਂ ਦੀਆਂ ਕਹਾਣੀਆਂ ਯੁਗਾਂ ਯੁਗਾਂ ਤੱਕ ਜਿੰਦਾ ਰਹਿਣਗੀਆਂ, ਸ਼ਹੀਦ ਊਧਮ ਸਿੰਘ ਜ਼ਿੰਦਾਬਾਦ।

# ਅਜੋਕੇ ਸਮੇਂ ਅੰਦਰ ਪੰਜਾਬੀ ਗਾਇਕੀ ਦਾ ਰੱਬ ਰਾਖਾ..

- ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਗਾਇਕੀ ਅੰਦਰ ਝੁੱਲ ਰਹੀ ਅਸ਼ਲੀਲਤਾ , ਹਥਿਆਰ ਅਤੇ ਬਦਮਾਸੀ ਦੀ ਹਨੇਰੀ ਨੇ ਸਾਰੇ ਹੱਦ ਬੰਨਿਆਂ ਨੂੰ ਪਾਰ ਕਰਦਿਆਂ ਨਵੀਆਂ ਨਿਵਾਣਾਂ ਨੂੰ ਛੂਹ ਲਿਐ ।ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਸੱਭਿਆਚਾਰ ਦੀਆਂ ਕੋਮਲ ਸਿਨਫਾਂ ਦੇ ਤੌਰ 'ਤੇ ਜਾਣੀ ਜਾਂਦੀ ਪੰਜਾਬੀ ਗਾਇਕੀ ਦੀ ਸੇਵਾ ਕਰਨ ਦੇ ਨਾਂਅ 'ਤੇ ਮੇਵਾ ਛਕਣ ਵਾਲੇ ਕਲਾਕਾਰਾਂ 'ਤੇ ਪਰਚੇ ਦਰਜ ਹੋਣਗੇ ਅਤੇ ਉਨ੍ਹਾਂ ਦੀਆਂ ਮਾਰੀਆਂ ਯਵਲੀਆਂ ਸਮਾਜ ਵਿੱਚ ਬਖੇੜਾ ਖੜ੍ਹਾ ਕਰਨਗੀਆਂ ।ਕਈ ਫੁਕਰਾਪੰਥੀ ਕਲਾਕਾਰਾਂ ਦੀ ਬਦੌਲਤ ਸਮੇਂ ਨੇ ਐਸਾ ਮੋੜਾ ਕੱਟਿਆ ਕਿ ਸਾਡੀ ਨੌਜਵਾਨੀ ਸਭ ਕੁਝ ਭੁੱਲ ਕੇ ਇਨ੍ਹਾਂ ਦੇ ਮਗਰ ਹੋ ਤੁਰੀ ਕਿਸੇ ਨੇ ਇਹ ਵੇਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਹ ਰਸਤਾ ਕਿੱਧਰ ਨੂੰ ਜਾਂਦੈ । ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਦੇ ਨਾਂ ਤੇ ਸਾਡੇ ਕਲਾਕਾਰਾਂ ਨੇ ਉਹ ਕੁੱਝ ਕਰ ਵਿਖਾਇਆ ,ਜਿਸ ਨੂੰ ਸੋਚ ਅਤੇ ਵੇਖ ਚੰਗੇ ਇਨਸਾਨ ਦੀ ਰੂਹ ਤੱਕ ਕੰਬ ਜਾਵੇ ,ਕਹਿਣ ਸੁਣਨ ਨੂੰ ਭਾਵੇਂ ਇਹ ਕਲਾਕਾਰ ਜਾਪਦੇ ਨੇ ਪਰ ਇਨ੍ਹਾਂ ਦੀਆਂ ਹਰਕਤਾਂ ਅਤੇ ਪਹਿਰਾਵੇ ਤੋਂ ਇਹ ਚੰਬਲ ਦੇ ਡਾਕੂਆਂ ਤੋਂ ਵੀ ਭੈੜੇ ਵਿਖਾਈ ਦਿੰਦੇ ਹਨ ।ਵਰ੍ਹ ?ਆਂ ਤੋਂ ਸ਼ੁਰੂ ਹੋਈ ਇਹ ਅਨੋਖੀ ਕਹਾਣੀ ਅੱਜ ਵੀ ਰੁੱਕਣ ਦਾ ਨਾਮ ਨਹੀਂ ਲੈ ਰਹੀ ਪਹਿਲਾਂ ਤੋਂ ਹੀ ਵਾਹਣੀ ਪਈ ਨੌਜਵਾਨੀ ਤੋਂ ਹੋਰ ਲਾਹਾ ਖੱਟਣ ਦੀ ਤਾਕ ਵਿੱਚ ਫੁਕਰਾਪੰਥੀ ਕਲਾਕਾਰਾਂ ਨੇ ਸਾਰੀਆਂ ਹੱਦਾਂ ਪਾਰ ਕਰਦਿਆਂ ਆਪਸ ਵਿੱਚ ਲੜਾਈ ਦੇ ਡਰਾਮੇ ਕਰ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ । ਇੱਕ ਕਲਾਕਾਰ ਸ਼ਰੇਆਮ ਦੂਜੇ ਨੂੰ ਚੰਗਾ ਮੰਦਾ ਆਖ ਮਾਵਾਂ ਭੈਣਾਂ ਦੀਆਂ ਗਾਲਾਂ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ,ਸਮਾਂ ਬੰਨ੍ਹ ਕੇ ਲੜਾਈ ਲੜਨ ਦੇ ਨਾਂ ਤੇ ਇੱਕ ਦੂਜੇ ਦੀਆਂ ਕੁੜੀਆਂ ਚਿੜੀਆਂ ਨੂੰ ਪੁਣਦੇ ਇਹ ਲੋਕ ਇਹ ਗੱਲ ਸਮਝਣ ਤੋਂ ਇਨਕਾਰੀ ਹਨ ਕਿ ਇਨ੍ਹਾਂ ਗੱਲਾਂ ਦਾ ਨੌਜਵਾਨੀ 'ਤੇ ਕੀ ਅਸਰ ਪਵੇਗਾ । ਲੰਘੇ ਦਿਨੀਂ ਕਈ ਫੁਕਰਾਪੰਥੀ ਕਲਾਕਾਰਾਂ ਵੱਲੋਂ ਸਰੇਆਮ ਵੀਡੀਓ ਬਣਾ ਕੇ ਇੱਕ ਦੂਜੇ ਨੂੰ ਵੇਖ ਲੈਣ ਦੀਆਂ ਧਮਕੀਆਂ ਦਿੱਤੀਆਂ ਅਤੇ ਫਿਰ ਕਬੱਡੀ ਕੱਪਾਂ ਉੱਤੇ ਦਰਸ਼ਕਾਂ ਦੀ ਵੱਡੀ ਗਿਣਤੀ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦੇ ਲਈ ਰੱਜ ਕੇ ਊਲ-ਜਲੂਲ ਬੋਲਣ ਤੋਂ ਬਾਅਦ ਚੰਗੀਆਂ ਸੁਰਖੀਆਂ ਬਟੋਰੀਆਂ ਗਈਆਂ । ਇੱਕ ਗੱਲ ਸਮਝ ਤੋਂ ਬਾਹਰ ਦੀ ਹੈ ਕਿ ਇਹ ਕਲਾਕਾਰ ਵਰਗ ਆਖਰ ਚਾਹੁੰਦਾ ਕੀ ਹੈ ਪੈਸੇ ਦੀ ਘਾਟ ਤਾਂ ਇਨ੍ਹਾਂ ਨੇ ਕਈ ਸਾਲਾਂ ਤੋਂ ਪੂਰੀ ਕਰ ਲਈ ਹੈ , ਰੱਜ ਕੇ ਪੈਸਾ ਕਮਾਉਣ ਤੋਂ ਬਾਅਦ ਵੀ ਇਹ ਲੋਕ ਬਾਂਦਰ ਟਪੂਸੀਆਂ ਮਾਰਨੋ ਬਾਜ ਕਿਉਂ ਨਹੀਂ ਆਉਂਦੇ, ਸ਼ਾਇਦ ਪੜ੍ਹਾਈ ਅਤੇ ਸੰਸਕਾਰਾਂ ਦੀ ਘਾਟ ਇਨ੍ਹਾਂ ਲੋਕਾਂ ਨੂੰ ਇੱਕ ਚੰਗਾ 'ਤੇ ਸਿਆਣਾ ਇਨਸਾਨ ਨਹੀਂ ਬਣਨ ਦੇ ਰਹੀ ।ਸੋਚ ਕੇ ਵੇਖੀਏ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਲੋਕਾਂ ਦੇ ਉੱਤੇ ਆਪਣੀ ਹੀ ਮਾਂ ਬੋਲੀ ਦਾ ਨਿਰਾਦਰ ਕਰਨ ਦੇ ਦੋਸ਼ੀ ਹੋਣ ਦਾ ਮਾਮਲਾ ਦਰਜ ਹੋਵੇਗਾ , ਕਦੇ ਕਿਸੇ ਨੇ ਸੋਚਿਆ ਸੀ ਕਿ ਕਲਾਕਾਰਾਂ ਨੂੰ ਗੀਤਾਂ ਦੀ ਗਲਤ ਸ਼ਬਦਾਵਲੀ ਬਦਲੇ ਅਦਾਲਤਾਂ ਵੱਲੋਂ ਸੰਮਣ ਆਉਣਗੇ ,ਅਤੇ ਉਨ੍ਹਾਂ ਨੂੰ ਥਾਣੇ ਕਚਹਿਰੀਆਂ ਵਿੱਚ ਇਸ ਲਈ ਜਾਣਾ ਪਵੇਗਾ ਕਿ ਉਹ ਮਾਂ ਬੋਲੀ ਦੀ ਦੁਰਗ਼ਤ ਕਰ ਰਹੇ ਹਨ ।

? ਸਮਾਂ ਆਪਣਾ ਹਿਸਾਬ ਜ਼ਰੂਰ ਮੰਗਦਾ ਹੈ ਇਕ ਪਾਸੇ ਜਿਹੋ- ਜਿਹਾ ਇਨ੍ਹਾਂ ਕਲਾਕਾਰਾਂ ਵੱਲੋਂ ਬੀਜਿਆ ਗਿਆ ਉਹੋ-ਜਿਹੀ ਫਸਲ ਇਨ੍ਹਾਂ ਨੂੰ ਵੱਢਣੀ ਪੈ ਰਹੀ ਹੈ , ਕਦੇ ਸਰੋਤਿਆਂ ਵੱਲੋਂ ਸ਼ਰੇਆਮ ਸਟੇਜਾਂ 'ਤੇ ਚੜ੍ਹ ਕੇ ਇਨ੍ਹਾਂ ਕਲਾਕਾਰਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ ਅਤੇ ਕਦੇ ਕਿਸੇ ਮਹਿਲਾ ਕਲਾਕਾਰ ਦਾ ਹੱਥ ਫੜ ਕੇ ਉਸ ਨੂੰ ਧੂਹ ਲਿਆ ਜਾਂਦਾ ਹੈ ।ਕਿਉਂ ਹੋ ਰਿਹਾ ਇਹ ਸਭ ਕੁਝ, ਕਿਸ ਦੀ ਜ਼ਿੰਮੇਵਾਰੀ ਬਣਦੀ ਹੈ, ਇਹ ਸਭ ਕੁਝ ਨੌਜਵਾਨਾਂ ਨੂੰ ਕਿੱਥੋਂ ਮਿਲਿਆ ,ਸਾਡਾ ਵਿਰਸਾ ਅਤੇ ਇਤਿਹਾਸ ਅਜਿਹਾ ਨਹੀਂ ਸੀ ਅਸੀਂ ਜਾਣ ਬੁਝਕੇ ਚੰਦ ਛਿੱਲੜਾਂ ਦੀ ਖਾਤਰ ਨੌਜਵਾਨੀ ਨੂੰ ਗਲਤ ਰਸਤੇ 'ਤੇ ਤੋਰਿਆ ਉਸ ਦਾ ਨਤੀਜਾ ਤਾਂ ਸਾਨੂੰ ਮਿਲਣਾ ਹੀ ਸੀ ।ਪਿੰਡਾਂ ਵਿੱਚੋਂ ਕੁੜੀਆਂ ਚੁੱਕਣ ਤੋਂ ਲੈ ਕੇ ਬਦਮਾਸੀ ਦੇ ਚਿੱਠਿਆਂ , ਆਸਕੀ , ਨਸ਼ਾ , ਅਜਿਹਾ ਕੁਝ ਨਹੀਂ ਬਚਿਆ ਜੋ ਇਨ੍ਹਾਂ ਕਲਾਕਾਰਾਂ ਵੱਲੋਂ ਨੌਜਵਾਨੀ ਅੱਗੇ ਪਰੋਸਿਆ ਨਾ ਗਿਆ ਹੋਵੇ ਜਿਸ ਦਾ ਅਸਰ ਸੁਭਾਵਿਕ ਹੈ ।

ਬੁੱਧੀਜੀਵੀ ਵਰਗ ਅਤੇ ਮਾਂ ਬੋਲੀ ਦੇ ਸਰਵਣ ਪੁੱਤਰ ਇਸ ਗੱਲ ਦੀ ਚਿੰਤਾ ਜ਼ਰੂਰ ਕਰਦੇ ਨੇ ਕਿ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਅੱਜ ਫੁਕਰਾਪੰਥੀ ਕਲਾਕਾਰਾਂ ਦੇ ਦੁਆਲੇ ਇਕੱਠਾ ਹੋ ਰਿਹੈ ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ ।ਸਾਡੇ ਕਲਾਕਾਰ ਵਰਗ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਨੌਜਵਾਨੀ ਦੇ ਸਿਰ ਤੋਂ ਆਪਣੇ ਐਸ਼ੋ ਆਰਾਮ ਦੇ ਸਾਧਨ ਖਾਤਰ ਪੈਸੇ ਕਮਾ ਕੇ ਇਸ ਸਾਰੇ ਮਾਮਲੇ ਤੋਂ ਬਰੀ ਨਹੀਂ ਹੋ ਸਕਦੇ ਇਸ ਦਾ ਜਵਾਬ ਤਾਂ ਉਨ੍ਹਾਂ ਨੂੰ ਵੀ ਦੇਣਾ ਹੀ ਪਵੇਗਾ ਪਰ ਉਦੋਂ ਤੱਕ ਸਾਡਾ ਸਮਾਜ , ਨੌਜਵਾਨੀ ਅਤੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਤਹਿਸ ਹੋ ਚੁੱਕੀਆਂ ਹੋਣਗੀਆਂ, ਸਾਡਾ ਵਿਰਸਾ ਅਤੇ ਸੱਭਿਆਚਾਰ ਤਬਾਹ ਹੋ ਚੁੱਕਿਆ ਹੋਵੇਗਾ ।ਬਿਨਾਂ ਸ਼ੱਕ ਇਸ ਸਮੇਂ ਪੰਜਾਬੀ ਗਇਕੀ ਚੌਰਾਹੇ ਤੇ ਖੜ੍ਹੀ ਨਜ਼ਰ ਆਉਂਦੀ ਹੈ ਕਿੱਧਰ ਜਾਵੇ ਕੁਝ ਵੀ ਸਮਝ ਨਹੀਂ ਪੈਂਦਾ , ਕਿਉਂਕਿ ਇਸ ਦੇ ਆਪਣੇ ਹੀ ਇਸ ਦੇ ਰਕੀਬ ਬਣ ਚੁੱਕੇ ਨਜ਼ਰ ਆਉਂਦੇ ਹਨ ।

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ ਕੈਲੇਫੋਰਨੀਆਂ
5592850841




# ਮੁੱਦਿਆਂ ਤੋਂ ਅੱਗੇ ਜਾਂ ਮੁੱਦਿਆਂ ਤੋਂ ਦੂਰ ? ਵਿਦਿਆਰਥੀ ਅੰਦੋਲਨਾਂ 'ਤੇ ਇੱਕ ਵਿਚਾਰ

ਡਾ ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ
ਅਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ

ਵਿਦਿਆਰਥੀ ਅੰਦੋਲਨ ਕਿਸੇ ਵੀ ਲੋਕਤੰਤਰੀ ਸਮਾਜ ਦੀ ਜਾਗਰੂਕਤਾ ਅਤੇ ਜੀਵੰਤਤਾ ਦਾ ਮਹੱਤਵਪੂਰਨ ਪ੍ਰਤੀਕ ਹੁੰਦੇ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਸਮਾਜ ਵਿੱਚ ਵੱਡੇ ਬਦਲਾਅ ਆਏ ਹਨ, ਉਨ੍ਹਾਂ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਆਜ਼ਾਦੀ ਦੀ ਲੜਾਈ ਤੋਂ ਲੈ ਕੇ ਸਿੱਖਿਆ ਸੁਧਾਰ, ਸਮਾਜਿਕ ਨਿਆਂ, ਵਾਤਾਵਰਣ ਸੁਰੱਖਿਆ ਅਤੇ ਲੋਕਤੰਤਰੀ ਹੱਕਾਂ ਤੱਕ ਵਿਦਿਆਰਥੀਆਂ ਨੇ ਸਮੇਂ-ਸਮੇਂ 'ਤੇ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਪਰ ਅੱਜ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਹੁੰਦਾ ਹੈ—ਕੀ ਅੱਜ ਦੇ ਵਿਦਿਆਰਥੀ ਅੰਦੋਲਨ ਅਸਲ ਮੁੱਦਿਆਂ 'ਤੇ ਕੇਂਦਰਿਤ ਹਨ ਜਾਂ ਉਹ ਹੌਲੀ-ਹੌਲੀ ਆਪਣੇ ਮੂਲ ਉਦੇਸ਼ ਤੋਂ ਦੂਰ ਹੁੰਦੇ ਜਾ ਰਹੇ ਹਨ ? ਵਿਦਿਆਰਥੀ ਅੰਦੋਲਨਾਂ ਦਾ ਮੁੱਖ ਮਕਸਦ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ, ਬਰਾਬਰ ਦੇ ਮੌਕੇ, ਫੀਸਾਂ ਵਿੱਚ ਪਾਰਦਰਸ਼ਤਾ, ਸਕਾਲਰਸ਼ਿਪਾਂ ਦੀ ਉਪਲਬਧਤਾ, ਖੋਜ ਲਈ ਬਿਹਤਰ ਸਹੂਲਤਾਂ, ਕੈਂਪਸ ਦੀ ਸੁਰੱਖਿਆ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੁੜੇ ਮੁੱਦਿਆਂ ਨੂੰ ਉਠਾਉਣਾ ਹੋਣਾ ਚਾਹੀਦਾ ਹੈ। ਜਦੋਂ ਅੰਦੋਲਨ ਇਨ੍ਹਾਂ ਅਸਲ ਲੋੜਾਂ 'ਤੇ ਕੇਂਦਰਿਤ ਰਹਿੰਦੇ ਹਨ, ਤਾਂ ਉਹ ਨਾ ਸਿਰਫ਼ ਵਿਦਿਆਰਥੀਆਂ ਦਾ ਭਲਾ ਕਰਦੇ ਹਨ, ਸਗੋਂ ਪੂਰੀ ਸਿੱਖਿਆ ਪ੍ਰਣਾਲੀ ਨੂੰ ਵੀ ਮਜ਼ਬੂਤ ਬਣਾਉਂਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਕਈ ਵਿਦਿਆਰਥੀ ਅੰਦੋਲਨਾਂ ਨੇ ਮਹੱਤਵਪੂਰਨ ਮੁੱਦਿਆਂ ਨੂੰ ਰਾਸ਼ਟਰੀ ਚਰਚਾ ਦਾ ਵਿਸ਼ਾ ਬਣਾਇਆ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਨੌਜਵਾਨ ਆਪਣੇ ਅਧਿਕਾਰਾਂ ਅਤੇ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਹਨ। ਲੋਕਤੰਤਰ ਵਿੱਚ ਸ਼ਾਂਤੀਪੂਰਨ ਵਿਰੋਧ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ। ਇਸ ਲਈ ਵਿਦਿਆਰਥੀ ਅੰਦੋਲਨਾਂ ਨੂੰ ਕੇਵਲ ਵਿਰੋਧ ਦੀ ਕਾਰਵਾਈ ਨਹੀਂ, ਸਗੋਂ ਲੋਕਤੰਤਰੀ ਸੰਵਾਦ ਦੇ ਇੱਕ ਮਹੱਤਵਪੂਰਨ ਮਾਧਿਅਮ ਵਜੋਂ ਵੀ ਦੇਖਣਾ ਚਾਹੀਦਾ ਹੈ।

ਪਰ ਇਹ ਵੀ ਸੱਚ ਹੈ ਕਿ ਕਈ ਵਾਰ ਅੰਦੋਲਨਾਂ ਦੀ ਦਿਸ਼ਾ ਬਦਲ ਜਾਂਦੀ ਹੈ। ਕੁਝ ਮੌਕਿਆਂ 'ਤੇ ਸਿੱਖਿਆ ਨਾਲ ਜੁੜੇ ਮੁੱਖ ਮੁੱਦੇ ਪਿੱਛੇ ਰਹਿ ਜਾਂਦੇ ਹਨ ਅਤੇ ਰਾਜਨੀਤਿਕ ਮੁਕਾਬਲੇ, ਵਿਚਾਰਧਾਰਕ ਟਕਰਾਅ ਜਾਂ ਨਿੱਜੀ ਮਹੱਤਵਾਕਾਂਖਾਵਾਂ ਚਰਚਾ ਦਾ ਕੇਂਦਰ ਬਣ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਵਿਦਿਆਰਥੀਆਂ ਦੀਆਂ ਅਸਲ ਸਮੱਸਿਆਵਾਂ ਦਬ ਜਾਂਦੀਆਂ ਹਨ ਅਤੇ ਅੰਦੋਲਨ ਦਾ ਮੂਲ ਉਦੇਸ਼ ਕਮਜ਼ੋਰ ਪੈ ਜਾਂਦਾ ਹੈ।

ਸੋਸ਼ਲ ਮੀਡੀਆ ਨੇ ਵੀ ਵਿਦਿਆਰਥੀ ਅੰਦੋਲਨਾਂ ਦੀ ਪ੍ਰਕਿਰਤੀ ਨੂੰ ਕਾਫ਼ੀ ਬਦਲ ਦਿੱਤਾ ਹੈ। ਅੱਜ ਕਿਸੇ ਵੀ ਘਟਨਾ ਦੀ ਜਾਣਕਾਰੀ ਕੁਝ ਹੀ ਮਿੰਟਾਂ ਵਿੱਚ ਲੱਖਾਂ ਲੋਕਾਂ ਤੱਕ ਪਹੁੰਚ ਜਾਂਦੀ ਹੈ। ਇਸ ਨਾਲ ਜਾਗਰੂਕਤਾ ਤਾਂ ਵਧੀ ਹੈ, ਪਰ ਨਾਲ ਹੀ ਅਧੂਰੀ ਜਾਂ ਗਲਤ ਜਾਣਕਾਰੀ ਵੀ ਤੇਜ਼ੀ ਨਾਲ ਫੈਲ ਸਕਦੀ ਹੈ। ਕਈ ਵਾਰ ਭਾਵਨਾਵਾਂ ਤੱਥਾਂ 'ਤੇ ਹਾਵੀ ਹੋ ਜਾਂਦੀਆਂ ਹਨ। ਇਸ ਲਈ ਵਿਦਿਆਰਥੀਆਂ ਲਈ ਲਾਜ਼ਮੀ ਹੈ ਕਿ ਉਹ ਕਿਸੇ ਵੀ ਅੰਦੋਲਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਤੱਥਾਂ ਦੀ ਜਾਂਚ ਕਰਨ, ਵੱਖ-ਵੱਖ ਪੱਖਾਂ ਨੂੰ ਸਮਝਣ ਅਤੇ ਸੋਚ-ਵਿਚਾਰ ਨਾਲ ਫ਼ੈਸਲਾ ਕਰਨ।

ਇੱਕ ਹੋਰ ਮਹੱਤਵਪੂਰਨ ਚਿੰਤਾ ਇਹ ਹੈ ਕਿ ਲੰਬੇ ਸਮੇਂ ਤੱਕ ਚੱਲਣ ਵਾਲੇ ਅੰਦੋਲਨ ਪੜ੍ਹਾਈ, ਖੋਜ ਅਤੇ ਕਰੀਅਰ ਦੀ ਤਿਆਰੀ ਨੂੰ ਪ੍ਰਭਾਵਿਤ ਕਰ ਸਕਦੇ ਹਨ। ਸਿੱਖਿਆ ਦਾ ਉਦੇਸ਼ ਸਿਰਫ਼ ਡਿਗਰੀ ਹਾਸਲ ਕਰਨਾ ਨਹੀਂ, ਸਗੋਂ ਗਿਆਨ, ਹੁਨਰ, ਚੰਗੇ ਚਰਿੱਤਰ ਅਤੇ ਜ਼ਿੰਮੇਵਾਰ ਨਾਗਰਿਕਤਾ ਦਾ ਵਿਕਾਸ ਕਰਨਾ ਵੀ ਹੈ। ਇਸ ਲਈ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਸਮਾਜਿਕ ਸਰਗਰਮੀ ਅਤੇ ਅਕਾਦਮਿਕ ਜ਼ਿੰਮੇਵਾਰੀਆਂ ਵਿਚਕਾਰ ਸੰਤੁਲਨ ਬਣਾਈ ਰੱਖਣ।

ਇਸ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀਆਂ ਨੂੰ ਆਪਣੀ ਆਵਾਜ਼ ਨਹੀਂ ਉਠਾਉਣੀ ਚਾਹੀਦੀ। ਇਸਦੇ ਉਲਟ, ਲੋਕਤੰਤਰ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਪਰ ਅੰਦੋਲਨ ਤਦ ਹੀ ਵਧੇਰੇ ਪ੍ਰਭਾਵਸ਼ਾਲੀ ਬਣਦੇ ਹਨ ਜਦੋਂ ਉਹ ਸ਼ਾਂਤੀਪੂਰਨ, ਤੱਥਾਂ 'ਤੇ ਆਧਾਰਿਤ, ਹੱਲ-ਕੇਂਦਰਿਤ ਅਤੇ ਆਪਸੀ ਸਤਿਕਾਰ ਦੀ ਭਾਵਨਾ ਨਾਲ ਚਲਾਏ ਜਾਣ। ਸਮੱਸਿਆਵਾਂ ਉਠਾਉਣ ਦੇ ਨਾਲ-ਨਾਲ ਉਨ੍ਹਾਂ ਦੇ ਵਿਹਾਰਕ ਹੱਲ ਵੀ ਸੁਝਾਉਣੇ ਚਾਹੀਦੇ ਹਨ।

ਸਿੱਖਿਆ ਸੰਸਥਾਵਾਂ ਦੀ ਵੀ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਨ ਅਤੇ ਉਨ੍ਹਾਂ ਦੇ ਹੱਲ ਲਈ ਪਾਰਦਰਸ਼ੀ ਪ੍ਰਣਾਲੀ ਬਣਾਉਣ। ਜੇਕਰ ਸੰਵਾਦ ਦੇ ਦਰਵਾਜ਼ੇ ਖੁੱਲ੍ਹੇ ਰਹਿਣ, ਤਾਂ ਬਹੁਤ ਸਾਰੇ ਵਿਵਾਦ ਅੰਦੋਲਨ ਦਾ ਰੂਪ ਧਾਰਨ ਤੋਂ ਪਹਿਲਾਂ ਹੀ ਸੁਲਝ ਸਕਦੇ ਹਨ। ਇਸੇ ਤਰ੍ਹਾਂ ਸਰਕਾਰਾਂ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਵੀ ਵਿਦਿਆਰਥੀਆਂ ਦੀਆਂ ਜਾਇਜ਼ ਮੰਗਾਂ ਪ੍ਰਤੀ ਸੰਵੇਦਨਸ਼ੀਲ ਅਤੇ ਜਵਾਬਦੇਹ ਰਹਿਣਾ ਚਾਹੀਦਾ ਹੈ।

ਭਾਰਤ ਵਰਗੇ ਨੌਜਵਾਨ ਦੇਸ਼ ਵਿੱਚ ਵਿਦਿਆਰਥੀ ਸਿਰਫ਼ ਭਵਿੱਖ ਦੇ ਨਾਗਰਿਕ ਨਹੀਂ, ਸਗੋਂ ਅੱਜ ਦੇ ਸਮਾਜ ਦੇ ਸਰਗਰਮ ਹਿੱਸੇਦਾਰ ਵੀ ਹਨ। ਉਨ੍ਹਾਂ ਦੀ ਊਰਜਾ, ਰਚਨਾਤਮਕਤਾ ਅਤੇ ਲੀਡਰਸ਼ਿਪ ਦੇਸ਼ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ। ਇਸ ਲਈ ਵਿਦਿਆਰਥੀ ਅੰਦੋਲਨਾਂ ਦਾ ਮਕਸਦ ਟਕਰਾਅ ਨਹੀਂ, ਸਗੋਂ ਸਕਾਰਾਤਮਕ ਬਦਲਾਅ ਹੋਣਾ ਚਾਹੀਦਾ ਹੈ।

ਅੰਤ ਵਿੱਚ ਸਵਾਲ ਇਹ ਨਹੀਂ ਕਿ ਵਿਦਿਆਰਥੀ ਅੰਦੋਲਨ ਹੋਣੇ ਚਾਹੀਦੇ ਹਨ ਜਾਂ ਨਹੀਂ। ਅਸਲ ਸਵਾਲ ਇਹ ਹੈ ਕਿ ਉਹ ਕਿਸ ਦਿਸ਼ਾ ਵਿੱਚ ਅੱਗੇ ਵਧਣ। ਜੇਕਰ ਉਹ ਸਿੱਖਿਆ, ਸਮਾਨਤਾ, ਪਾਰਦਰਸ਼ਤਾ, ਜਵਾਬਦੇਹੀ ਅਤੇ ਵਿਦਿਆਰਥੀ ਭਲਾਈ ਵਰਗੇ ਮੁੱਢਲੇ ਮੁੱਦਿਆਂ 'ਤੇ ਕੇਂਦਰਿਤ ਰਹਿਣਗੇ, ਤਾਂ ਉਹ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣਗੇ ਅਤੇ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ। ਪਰ ਜੇਕਰ ਉਹ ਆਪਣੇ ਮੂਲ ਉਦੇਸ਼ ਤੋਂ ਭਟਕ ਕੇ ਸਿਰਫ਼ ਸ਼ੋਰ-ਸ਼ਰਾਬੇ, ਧਰੁਵੀਕਰਨ ਜਾਂ ਤੁਰੰਤ ਰਾਜਨੀਤਿਕ ਵਿਵਾਦਾਂ ਤੱਕ ਸੀਮਿਤ ਰਹਿ ਜਾਣਗੇ, ਤਾਂ ਉਨ੍ਹਾਂ ਦਾ ਪ੍ਰਭਾਵ ਵੀ ਸੀਮਿਤ ਹੋ ਜਾਵੇਗਾ। ਸਮੇਂ ਦੀ ਮੰਗ ਹੈ ਕਿ ਵਿਦਿਆਰਥੀ ਅੰਦੋਲਨ ਸੂਝ-ਬੂਝ, ਸੰਵਾਦ, ਜ਼ਿੰਮੇਵਾਰੀ ਅਤੇ ਰਚਨਾਤਮਕ ਸੋਚ ਨਾਲ ਅੱਗੇ ਵਧਣ। ਇਹੀ ਰਾਹ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ, ਮਜ਼ਬੂਤ ਸਿੱਖਿਆ ਪ੍ਰਣਾਲੀ ਅਤੇ ਸਿਹਤਮੰਦ ਲੋਕਤੰਤਰ ਦੀ ਮਜ਼ਬੂਤ ਨੀਂਹ ਰੱਖ ਸਕਦਾ ਹੈ।

# ਸਮੁੱਚੇ ਭਾਰਤ ਦਾ ਮੈਡੀਕਲ ਸੈਕਟਰ ਤੇਜ਼ੀ ਨਾਲ ਤਬਾਹੀ ਵੱਲ ਵਧ ਰਿਹਾ ਹੈ, ਜਿਸ ਦਾ ਹੱਲ ਲੱਭਣਾ ਅਤਿ ਜ਼ਰੂਰੀ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

ਭਾਰਤ ਵਿੱਚ ਲਗਾਤਾਰ ਵੱਧ ਰਹੇ ਪ੍ਰਦੂਸ਼ਣ ,ਮਿਲਾਵਟੀ ਖਾਣ ਪਾਨ ,ਤੇ ਜ਼ਹਿਰੀਲੀਆਂ ਸਬਜ਼ੀ ਵਰਤਣ ਕਰਕੇ ਬਹੁਤ ਆਗਾਜ਼ ਹੋ ਚੁਕਾ ਹੈ,ਹਰ ਤੀਸਰਾ ਬੰਦਾ ਬੀਪੀ ,ਸ਼ੁਗਰ ਤੇ ਮੋਟਾਪੇ ਦਾ ਸ਼ਿਕਾਰ ਹੋ ਚੁੱਕਾ ਹੈ,ਜਿਸ ਦਾ ਫਾਇਦਾ ਪ੍ਰਾਈਵੇਟ ਹਸਪਤਾਲਾਂ ਦੇ ਮਾਲਕ ਤੇ ਡਾਕਟਰ ਡਾਕੂ ਬਣਕੇ ਉਠਾ ਰਹੇ ਹਨ,ਹਾਲ ਹੀ ਵਿੱਚ ਜ਼ੀ ਨਿਊਜ਼ ਤੇ ਛਪੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ ਹੋਣ ਵਾਲੀਆਂ 44% ਮਨੁੱਖੀ ਸਰਜਰੀਆਂ ਨਕਲੀ, ਫਰਜ਼ੀ ਜਾਂ ਬਿਲਕੁਲ ਬੇਲੋੜੀਆਂ ਹੁੰਦੀਆਂ ਨੇ।ਯਾਨੀ ਅੱਧੀਆਂ ਤੋਂ ਵੱਧ ਸਰਜਰੀਆਂ ਸਿਰਫ਼ ਮਰੀਜ਼ਾਂ ਤੇ ਸਰਕਾਰ ਤੋਂ ਪੈਸੇ ਲੁੱਟਣ ਲਈ ਕੀਤੀਆਂ ਜਾਂਦੀਆਂ ਨੇ।ਰਿਪੋਰਟ ਅਨੁਸਾਰ: ,55% ਦਿਲ ਦੀਆਂ ਸਰਜਰੀਆਂ ਨਕਲੀ ,,48% ਬੱਚੇਦਾਨੀ ਹਟਾਉਣ ਦੀਆਂ ਸਰਜਰੀਆਂ ਫਰਜ਼ੀ ,47% ਕੈਂਸਰ ਸਰਜਰੀਆਂ ,48% ਗੋਡੇ ਬਦਲਣ ਦੀਆਂ ਸਰਜਰੀਆਂ ,45% ਸੀਜ਼ੇਰੀਅਨ ਡਿਲੀਵਰੀ ,ਕੰਧੇ ਤੇ ਰੀੜ੍ਹ ਦੀ ਹੱਡੀ ਦੀਆਂ ਸਰਜਰੀਆਂ ਵੀ ਬਹੁਤ ਹੱਦ ਤੱਕ ਫਰਜ਼ੀਕੀਤੀਆਂ ਜਾਂਦੀਆਂ ਹਨ,ਪਤਾ ਚੱਲਿਆ ਹੈ ਕਿ ਮਹਾਰਾਸ਼ਟਰ ਦੇ ਵੱਡੇ ਹਸਪਤਾਲਾਂ ਵਿੱਚ ਸੀਨੀਅਰ ਡਾਕਟਰਾਂ ਦੀ ਮਹੀਨੇ ਦੀ ਤਨਖਾਹ 1 ਕਰੋੜ ਤੱਕ ਹੈ - ਕਿਉਂਕਿ ਜਿੰਨੇ ਜ਼ਿਆਦਾ ਬੇਲੋੜੇ ਟੈਸਟ, ਭਰਤੀ ਤੇ ਸਰਜਰੀਆਂ ਕਰਾਉਂਦੇ ਨੇ, ਓਨੀ ਹੀ ਜ਼ਿਆਦਾ ਤਨਖਾਹ।(ਸਰੋਤ: BMJ Global Health)ਟਾਈਮਜ਼ ਆਫ਼ ਇੰਡੀਆ ਮੁਤਾਬਕ ਮਰ ਚੁੱਕੇ ਮਰੀਜ਼ਾਂ ਨੂੰ ਜਿੰਦਾ ਦੱਸ ਕੇ ਮਹੀਨੇ ਭਰ ਵੈਂਟੀਲੇਟਰ ਤੇ ਰੱਖਿਆ, ਲੱਖਾਂ ਰੁਪਏ ਲੁੱਟੇ, ਫਿਰ ਮੌਤ ਐਲਾਨ ਦਿੱਤੀ। ਇੱਕ 14 ਸਾਲ ਦੇ ਮੁੰਡੇ ਨਾਲ ਵੀ ਅਜਿਹਾ ਹੀ ਹੋਇਆ।ਮਰੇ ਹੋਏ ਮਰੀਜ਼ਾਂ ਤੇ ਵੀ ਤੁਰੰਤ ਸਰਜਰੀ ਦਾ ਡਰਾਮਾ, ਪੈਸੇ ਲਏ ਤੇ ਬੋਲੇ "ਆਪ੍ਰੇਸ਼ਨ ਦੌਰਾਨ ਮੌਤ ਹੋ ਗਈ। (ਕਿਤਾਬ: Dissenting Diagnosis)ਮੈਡੀਕਲੈਮ ਇੰਸ਼ੋਰੈਂਸ ਦਾ ਘਪਲਾ: 68% ਲੋਕਾਂ ਨੇ ਪਾਲਿਸੀ ਲਈ ਪਰ ਕਲੇਮ ਆਉਣ ਤੇ ਬਹਾਨੇ। 3000+ ਹਸਪਤਾਲ ਬਲੈਕਲਿਸਟ ਹਨ। ਕੋਰੋਨਾ ਵਿੱਚ ਨਕਲੀ ਕੋਵਿਡ ਮਰੀਜ਼ ਬਣਾ ਕੇ ਕਰੋੜਾਂ ਲੁੱਟੇ।ਤਸਕਰੀ: ਫੋਰਟਿਸ ਵਰਗੇ ਵੱਡੇ ਹਸਪਤਾਲਾਂ ਨਾਲ ਜੁੜੇ ਗਿਰੋਹ ਫੜੇ ਗਏ। ਇੱਕ ਔਰਤ ਨੂੰ ਨੌਕਰੀ ਦੇ ਲਾਰੇ ਵਿੱਚ ਫਸਾ ਕੇ ਕਿੱਡਨੀ ਕੱਢਣ ਦੀ ਕੋਸ਼ਿਸ਼ ਕੀਤੀ ਗਈ।ਰੈਫਰਲ ਘਪਲਾ: ਅਪੋਲੋ, ਫੋਰਟਿਸ, ਕੋਕਿਲਾਬੈਨ ਵਰਗੇ ਹਸਪਤਾਲ ਡਾਕਟਰਾਂ ਨੂੰ ਮਰੀਜ਼ ਭੇਜਣ ਤੇ ਲੱਖਾਂ ਦਾ ਕਮਿਸ਼ਨ ਦਿੰਦੇ ਨੇ।40 ਮਰੀਜ਼ = 1 ਲੱਖ, 75 ਮਰੀਜ਼ = 2.5 ਲੱਖ।ਡਾਇਗਨੋਸਿਸ ਘਪਲਾ: ਬੈਂਗਲੁਰੂ ਦੀਆਂ ਲੈਬਾਂ ਤੋਂ 100 ਕਰੋੜ ਨਕਦ ਤੇ 3.5 ਕਿਲੋ ਸੋਨਾ ਬਰਾਮਦ। ਸਾਰਾ ਪੈਸਾ ਡਾਕਟਰਾਂ ਨੂੰ ਕਮਿਸ਼ਨ ਦੇਣ ਲਈ। ਦੇਸ਼ ਵਿੱਚ 2 ਲੱਖ ਲੈਬਾਂ, ਸਿਰਫ਼ 1000 ਸਰਟੀਫਾਈਡ।ਕੰਪਨੀਆਂ: ਹਰ ਸਾਲ 1000 ਕਰੋੜ ਡਾਕਟਰਾਂ ਤੇ ਖਰਚ। ਡੋਲੋ ਵਾਲੀ ਕੰਪਨੀ ਨੇ 1000 ਕਰੋੜ ਰੁਪਏ ਵੰਡੇ। ਵਿਦੇਸ਼ ਟੂਰ, 5-ਸਟਾਰ ਠਹਿਰਨਾ, ਲੱਖਾਂ ਨਕਦ। ਕਈ ਦਵਾਈਆਂ ਹਸਪਤਾਲ ਨੂੰ 2000 ਵਿੱਚ ਦੇ ਕੇ ਮਰੀਜ਼ ਤੋਂ 18-20 ਹਜ਼ਾਰ ਵਸੂਲਦੇ ਨੇ।MCI (ਮੈਡੀਕਲ ਕੌਂਸਲ) ਖੁਦ ਭ੍ਰਿਸ਼ਟ। ਨਿਯਮ ਬਣੇ ਨੇ ਪਰ ਕੋਈ ਪਾਲਣਾ ਨਹੀਂ। ਜਨਰਿਕ ਦਵਾਈ ਲਿਖਣੀ ਚਾਹੀਦੀ, ਫੀਸ ਪਹਿਲਾਂ ਦੱਸਣੀ ਚਾਹੀਦੀ, ਰਿਕਾਰਡ 3 ਸਾਲ ਰੱਖਣਾ ਚਾਹੀਦਾ - ਸਭ ਟੁੱਟ ਰਹੇ ਨੇ।ਸਰਕਾਰੀ ਸਕੀਮਾਂ ਵਿੱਚ ਵੀ ਘਪਲੇ - ਸਾਧਾਰਨ ਜ਼ੁਕਾਮ ਵਾਲੇ ਨੂੰ ਭਰਤੀ ਕਰੋ, ਈਐੱਸਆਈ/ਆਯੁਸ਼ਮਾਨ ਕਾਰਡ ਤੇ ਲੱਖਾਂ ਦਾ ਫਰਜ਼ੀ ਬਿੱਲ ਬਣਾਓ, 8-10 ਦਿਨ ਬਾਅਦ ਛੁੱਟੀ।ਇਹ ਸੰਦੇਸ਼ ਹਰ ਘਰ ਤੱਕ ਪਹੁੰਚਣਾ ਬਹੁਤ ਜ਼ਰੂਰੀ ਹੈ। ਆਪਣੇ ਪਰਿਵਾਰ ਨੂੰ, ਦੋਸਤਾਂ ਨੂੰ, ਵਟਸਐਪ-ਫੇਸਬੁੱਕ ਗਰੁੱਪਾਂ ਵਿੱਚ ਸ਼ੇਅਰ ਕਰੋ।ਜਾਗੋ ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।ਸਾਵਧਾਨਮੈਡੀਕਲ ਦੇ ਸਿਕੰਜੇ ਵਿੱਚੋ ਬਾਹਰ ਨਿਕਲਣ ਦੀ ਕੋਸਿਸ ਕਰੀਏ,ਪਹਿਲਾਂ ਲੋਕ ਹਕੀਮਾਂ ਤੇ ਵੈਦਾਂ ਕੋਲੋਂ ਦੋ ਪੁਰਹਿਲ਼ੇ ਕੇ ਤੰਦਰੁਸਤ ਹੋ ਜਾਂਦੇ ਹਨ,ਹੁਣ ਲੱਖਾਂ ਰੁਪਏ ਖਰਚਣ ਤੋਂ ਬਾਅਦ ਮਰਨ ਤਕ ਦਵਾਈਆਂ ਹੀ ਖਾਂਦੇ ਰਹਿੰਦੇ ਹਨ,ਸੰਸਦੀ ਕਮੇਟੀ ਨੇ ਵੀ ਇਸ ਗੱਲ ਨੂੰ ਮੰਨ ਲਿਆ ਹੈ।



ਸੁਰਿੰਦਰ ਛਿੰਦਾ ਪੰਜਾਬੀ ਗਾਇਕੀ ਦਾ ਇੱਕ ਸਦੀਵੀਂ ਨਾਂ ਹੈ।ਉਹ ਪਿਛਲੇ ਲੰਮੇ ਅਰਸੇ ਤੋਂ ਆਪਣੀ ਪਹਿਚਾਣ ਦੇ ਨਾਲ ਗਾਇਕੀ ਦੀਆਂ ਸ਼ਿਖਰਾਂ ਨੂੰ ਛੋਹ ਰਿਹਾ ਹੈ ।ਭਾਵੇਂ ਸਰੀਰਕ ਤੌਰ ਤੇ ਸੁਰਿੰਦਰ ਛਿੰਦਾ ਅੱਜ ਸਾਡੇ ਵਿਚਕਾਰ ਮੌਜੂਦ ਨਹੀਂ ਪਰ ਉਸ ਦੀ ਪਰਪੱਕ ਗਾਇਕੀ ਉਸਦੀ ਮੌਜੂਦਗੀ ਦੀ ਪ੍ਰਮਾਣਿਕਤਾ ਪੇਸ਼ ਕਰਦੀ ਹੈ।ਸ਼ੇਰ ਵਰਗੀ ਧਾਕੜ ਆਵਾਜ਼ ਅੱਜ ਵੀ ਸਾਡੇ ਕੰਨਾਂ ਵਿਚ ਗੂੰਜਦੀ ਸੁਣਾਈ ਦਿੰਦੀ ਹੈ। ਕਲੀਆਂ, ਕਿੱਸੇ, ਲੋਕ ਗਾਥਾਵਾਂ, ਸੋਲੋ, ਦੋਗਾਣੇ ਅਤੇ ਸੱਭਿਆਚਾਰਕ ਸੱਤਰੰਗੀ ਗੀਤ ਗਾਉਣ ਵਾਲੇ ਸੁਰਿੰਦਰ ਛਿੰਦੇ ਨੂੰ ਕਲਾਸੀਕਲ ਗਵੱਈਏ ਦਾ ਮਾਣ ਪ੍ਰਾਪਤ ਹੈ।ਅਨੇਕਾਂ ਸੁਪਰ ਡੁਪਰ ਹਿੱਟ ਗੀਤ ਦੇਣ ਵਾਲਾ ਸੁਰਿੰਦਰ ਛਿੰਦਾ ਭਾਰਤੀ ਪੰਜਾਬੀ ਲੋਕ ਗਾਇਕ ਹੈ ।ਉਹ ਪਿਛਲੇ ਲੰਮੇ ਸਮੇਂ ਵਾਂਗ ਅੱਜ ਵੀ ਉਹ ਗਾਇਕੀ ਦੇ ਮੈਦਾਨ ਵਿਚ ਹਿੱਕ ਤਾਣ ਗਾਉਂਦਾ ਨਜ਼ਰ ਆਉਂਦਾ ਹੈ।ਜੇਕਰ ਉਸਦੇ ਗਾਇਕੀ ਦੇ ਸਫ਼ਰ ਦੀ ਗੱਲ ਕਰੀਏ ਤਾਂ ਉਹ ਆਪਣੇ ਸਮਕਾਲੀ ਗਾਇਕ ਮੁਹੰਮਦ ਸਦੀਕ, ਕੁਲਦੀਪ ਮਾਣਕ, ਕਰਤਾਰ ਰਮਲਾ, ਕਰਨੈਲ ਗਿੱਲ,ਦੀਦਾਰ ਸੰਧੂ, ਜਸਵੰਤ ਸੰਦੀਲਾ,ਕੇ ਦੀਪ,ਜਗਮੋਹਨ ਕੌਰ, ਗੁਰਮੀਤ ਬਾਵਾ, ਨਰਿੰਦਰ ਬੀਬਾ ਤੇ ਹਾਕਮ ਬਖਤੜੀ ਵਾਲਾ ਵਰਗੇ ਅਨੇਕਾਂ ਹੀ ਹੋਰ ਕਲਾਕਾਰਾਂ ਵਿਚੋਂ ਸਿਰਕੱਢਵਾਂ ਗੱਵਈਆ ਰਿਹਾ ਹੈ।ਖੁੱਲ੍ਹੇ ਡੁੱਲ੍ਹੇ ਸਰੀਰ ਵਾਲਾ ਸੁਰਿੰਦਰ ਛਿੰਦਾ ਜਦੋਂ ਚੌੜੀ ਛਾਤੀ ਤਾਣ ਸਟੇਜ ਤੇ ਆਪਣੀਆਂ ਸੁਰ ਕਲਾਵਾਂ ਨੂੰ ਛੇੜਦਾ ਤਾਂ ਉਹ ਪੰਡਾਲ ਚ ਬੈਠੇ ਸਰੋਤਿਆਂ ਨੂੰ ਹੀ ਨਹੀਂ ਬਲਕਿ ਵਗਦੀਆਂ ਹਵਾਵਾਂ ਨੂੰ ਵੀ ਰੁਮਕਣ (ਝੂਮਣ) ਲਾ ਦਿੰਦਾ।ਦੋਗਾਣਿਆਂ ਵਿਚ ਮੁਹਾਰਤ ਹਾਸਲ ਕਰਨ ਵਾਲੇ ਸੁਰਿੰਦਰ ਛਿੰਦੇ ਨੇ ਚਰਚਿਤ ਗਾਇਕਾਵਾਂ ਸੁਰਿੰਦਰ ਸੋਨੀਆ, ਨਰਿੰਦਰ ਬੀਬਾ, ਗੁਲਸ਼ਨ ਕੋਮਲ, ਕੁਲਦੀਪ ਕੌਰ, ਸੁਖਵੰਤ ਸੁੱਖੀ, ਰੁਪਿੰਦਰ ਰੰਜਨਾ,ਪਰਮਿੰਦਰ ਸੰਧੂ ,ਅਨੁਰਾਧਾ ਪੌਡੋਂ'ਵਾਲ, ਅਲਕਾ ਯਾਗਨਿਕ, ਕਵਿਤਾ ਕ੍ਰਿਸ਼ਨਾਮੂਰਤੀ, ਸਵਿਤਾ ਸਾਥੀ, ਅਤੇ ਸੁਦੇਸ਼ ਕੁਮਾਰੀ ਆਦਿ ਨਾਲ ਦੋਗਾਣੇ ਗਾਏ ਅਤੇ ਰਿਕਾਰਡ ਕਰਵਾਏ ।ਆਪਣੀ ਗਾਇਕੀ ਦਾ ਇਤਿਹਾਸ ਸਿਰਜਣ ਵਾਲੇ ਸੁਰਿੰਦਰ ਛਿੰਦੇ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਛੋਟੀ ਅਯਾਲੀ ਦੇ ਰਹਿਣ ਵਾਲੇ ਮਿਸਤਰੀ ਪਿਤਾ ਸ੍ਰੀ ਬਚਨ ਰਾਮ ਮਾਤਾ ਸ੍ਰੀਮਤੀ ਵਿਦਿਆਵਤੀ ਦੇ ਘਰ ਹੋਇਆ। ਪਰਿਵਾਰਕ ਰਿਸ਼ਤਿਆਂ ਚੋਂ ਮਿਲੀ ਸੰਗੀਤ ਦੀ ਗੁੜ੍ਹਤੀ ਨੇ ਅੱਖਾਂ ਖੋਲਦਿਆਂ ਹੀ ਸੁਰਿੰਦਰ ਪਾਲ ਧਾਮੀ ਅੰਦਰ ਸੰਗੀਤ ਦਾ ਅਜਿਹਾ ਬੀਜ ਬੋਇਆ ਜੋ ਉਮਰ ਦੇ ਪੜਾਅ ਨਾਲ ਅੰਦਰੋਂ ਅੰਦਰੀ ਜਵਾਨ ਹੋਣ ਲੱਗਾ।ਆਪਣੇ ਸ਼ੌਕ ਦੀ ਪੂਰਤੀ ਲਈ ਉਸਨੇ ਸੰਗੀਤ ਜਗਤ ਦੇ ਉਸਤਾਦ ਮੰਨੇ ਜਾਣ ਵਾਲੇ ਸੰਗੀਤਕ ਗੁਰੂ ਜਨਾਬ ਜਸਵੰਤ ਭੰਵਰਾ ਜੀ ਨੂੰ ਆਪਣਾ ਮੁਰਸ਼ਦ ਧਾਰ ਕੇ ਸੰਗੀਤ ਦੀ ਬਰੀਕੀਆਂ ਨੂੰ ਸਿੱਖਿਆ।ਲੰਮੀ ਮਿਹਨਤ ਮੁਸ਼ੱਕਤ ਤੋਂ ਬਾਅਦ ਜਦੋਂ ਉਸਤਾਦ ਰੂਪੀ ਮਾਲੀ ਨੂੰ ਆਪਣੇ ਬੂਟੇ ਤੇ ਸੰਗੀਤਕ ਕਲਾਵਾਂ ਦਾ ਬੂਰ ਨਜ਼ਰ ਆਉਣ ਲੱਗਾ ਤਾਂ ਉਸ ਨੂੰ ਆਪਣੇ ਆਸ਼ੀਰਵਾਦ ਦਾ ਪਾਣੀ ਪਾ ਵਿਸ਼ਾਲ ਰੁੱਖ ਬਣਨ ਲਈ ਸੰਗੀਤ ਦੇ ਵਿਹੜੇ ਲਗਾ ਦਿੱਤਾ। ਸੰਗੀਤ ਦੇ ਸੰਘਣੇ ਰੁੱਖਾਂ ਚ ਪੁੰਗਰਦਾ ਗਾਇਕੀ ਦਾ ਇਹ ਬੂਟਾ ਆਪਣੀ ਮਿਹਨਤ ਦੀ ਹਵਾ ਨਾਲ ਕਲਾ ਦੀ ਮਿੱਠੀ ਮਿੱਠੀ ਮਹਿਕ ਖਿਡਾਉਣ ਲੱਗਾ। ਸਮੇਂ ਦੇ ਨਾਲ ਸੰਗੀਤ ਦਾ ਇਹ ਬੂਟਾ ਆਸਾਂ ਦੀ ਜ਼ਮੀਨ ਵਿਚ ਆਪਣੀ ਕਾਮਯਾਬੀ ਦੀਆਂ ਜੜ੍ਹਾਂ ਨੂੰ ਮਿਹਨਤ ਦੇ ਹੱਲ ਨਾਲ ਹੋਰ ਡੂੰਘਾਈ ਵਿਚ ਬੋਹਦਾਂ ਗਿਆ ਤੇ ਆਖ਼ਰਕਾਰ ਸੰਗੀਤ ਦੇ ਪਿੜ ਵਿਚੋਂ ਸ਼ਬਦ ਅਤੇ ਆਵਾਜ਼ ਦੇ ਸੁਮੇਲ ਨਾਲ ÷ਉੱਚਾ ਬੁਰਜ ਲਾਹੌਰ ਦਾ" ਨਾਂ ਦੀ ਅਜਿਹੀ ਹਨੇਰੀ ਆਈ ਜਿਸਨੇ ਗਾਇਕੀ ਦੇ ਸੰਘਣੇ ਰੁੱਖਾਂ ਦੀਆਂ ਜੜ੍ਹਾਂ ਤੱਕ ਹਿਲਾ ਦਿੱਤੀਆਂ ।ਬਸ ਉਸ ਤੋਂ ਬਾਅਦ ਸੁਰਿੰਦਰ ਛਿੰਦਾ ਨਾਂ ਦਾ ਇਹ ਵਰਵਰੋਲਾ ਸੰਗੀਤ ਦੇ ਖੇਤਰ ਵਿਚ ਗਾਇਕੀਦਾ ਤੂਫ਼ਾਨ ਬਣ ਵੱਡੀ ਤੋਂ ਵੱਡੀ ਸੰਗੀਤਕ ਚਟਾਨ ਨੂੰ ਹਿਲਾਉਣ ਦੀ ਸਮਰੱਥਾ ਰੱਖਣ ਲੱਗਾ।

ਜੇਕਰ ਸੁਰਿੰਦਰ ਛਿੰਦੇ ਦੇ ਗੀਤਾਂ ਦੀ ਗੱਲ ਕਰੀਏ ਤਾਂ ਉਸਨੇ ਇੱਕ ਨਹੀਂ ਦੋ ਨਹੀਂ ਬਲਕਿ ਸੈਂਕੜੇ ਗੀਤਾਂ ਦੀ ਤਦਾਦ ਵਿਚ ਗੀਤ ਰਿਕਾਰਡ ਕਰਵਾਕੇ ਆਪਣੇ ਨਾਂ ਦੀ ਵੱਖਰੀ ਮਿਸਾਲ ਕਾਇਮ ਕੀਤੀ ।ਉਸਦੇ ਦਰਜਨਾਂ ਹਿੱਟ ਗੀਤਾਂ ਨੇ ਮਲੋ ਮੱਲੀ ਉਸਨੂੰ ਸਿਰਮੌਰ ਗਾਇਕ ਦਾ ਖਿਤਾਬ ਦਿਵਾ ਦਿੱਤਾ। ਜਿਵੇਂ ਕਿਃ- ਉੱਚਾ ਬੁਰਜ ਲਾਹੌਰ ਦਾ,ਜੱਟ ਮਿਰਜ਼ਾ ਖਰਲਾਂ ਦਾ, ਪੁੱਤ ਜੱਟਾਂ ਦੇ, ਰੱਖ ਲਏ ਕਲੀਂਡਰ ਯਾਰਾਂ,ਦੋ ਉੱਠਾ ਵਾਲੇ,ਤਾਰਾ ਰਾਣੀ,ਇਹ ਮਿੱਤ ਕਿਸੇ ਦਾ ਨਾਂ, ਨੈਣਾਂ ਦੇ ਵਣਜਾਰੇ,

ਜਿਊਣ ਮੌੜ, ਤੀਆਂ ਲੋਂਗੋਵਾਲ ਦੀਆਂ ਰਾਮ ਕੌਰ, ਜੱਗਾ ਜੱਟ, ਮੈਂ ਨਾ ਅੰਗਰੇਜ਼ੀ ਜਾਣਦੀ, ਦਿੱਲੀ ਸ਼ਹਿਰ ਦੀਆਂ ਕੁੜੀਆਂ, ਗੱਲਾਂ ਸੋਹਣੇ ਯਾਰ ਦੀਆਂ,ਬਾਬਿਆਂ ਤੇ ਚੱਲ ਚੱਲੀਏ ਮੈਂ ਡਿੱਗੀ ਤਿਲਕ ਕੇ, ਇੱਕ ਮਹੀਨਾ ਜੇਠ ਦਾ, ਗੱਡੀ ਦੇ ਸਿਲੰਡਰ ਦੀ,ਜੰਨ ਚੜੀ ਅਮਲੀ ਦੀ ਅਤੇ ਮੁੰਡੇ ਕਹਿਣ ਮਿਸ ਇੰਡੀਆ ਵਰਗੇ ਅਨੇਕਾਂ ਹੋਰ ਗੀਤ।ਸੁਰਿੰਦਰ ਛਿੰਦਾ ਉਨ੍ਹਾਂ ਸਮਿਆਂ ਦਾ ਪੁਰਾਤਨ ਗਾਇਕ ਹੈ ਜਦੋਂ ਰਿਕਾਰਡ ਦਾ ਯੁੱਗ ਸੱਭਿਆਚਾਰ ਦੀ ਹਿੱਕ ਤੇ ਧਾਂਕ ਜਮਾਈ ਬੈਠਾ ਸੀ ਉਹ ਆਪਣੇ ਸਮਕਾਲੀ ਗਾਇਕਾਂ ਦੇ ਨਾਲ ਅੱਜ ਵੀ ਪੰਜਾਬੀਅਤ ਦਾ ਝੰਡਾ ਚੁੱਕ ਮੋਹਰੀ ਤੁਰਿਆ ਆ ਰਿਹਾ ਹੈ।ਸੁਰਿੰਦਰ ਛਿੰਦੇ ਨੇ ਪੰਜਾਬੀ ਸੰਗੀਤ ਤੋਂ ਇਲਾਵਾ ਫਿਲਮਾਂ ਵਿਚ ਵੀ ਆਪਣਾ ਧੜੱਲੇਦਾਰ ਅਭਿਨੈ ਨਿਭਾ ਕੇ ਆਪਣੀ ਅਦਾਕਾਰੀ ਦੀ ਅਜਿਹੀ ਵੱਖਰੀ ਛਾਪ ਛੱਡੀ ਹੈ ਉਸਦੇ ਸਿਰਜੇ ਇਤਿਹਾਸ ਨੂੰ ਸੁਨਹਿਰੀ ਅੱਖਰਾਂ ਵਿਚ ਲਿਸ਼ਕਾਂ ਰਹੀ। ਜਿਵੇ ਕਿ :-ਪੁੱਤ ਜੱਟਾਂ ਦੇ, ਉੱਚਾ ਦਰ ਬਾਬੇ ਨਾਨਕ ਦਾ,ਬਦਲਾ ਜੱਟੀ ਦਾ,ਜੱਟ ਜਿਊਣਾ ਮੌੜ, ਬਗਾਵਤ, ਹੰਕਾਰ, ਚੜ੍ਹਦਾ ਸੂਰਜ, ਟੱਰਕ ਡਰਾਈਵਰ,ਜੱਟ ਪੰਜਾਬ ਦਾ ਅਤੇ ਜੱਟ ਯੋਧੇ ਵਰਗੀਆਂ ਹੋਰ ਫਿਲਮਾਂ ਦੇ ਨਾਂ ਸ਼ਾਮਲ ਹਨ।ਹਰ ਪੱਖ ਤੋਂ ਕਾਮਯਾਬੀ ਹਾਸਿਲ ਕਰਨ ਵਾਲਾ ਸੁਰਿੰਦਰ ਛਿੰਦਾ ਰਿਕਾਰਡਾਂ ਦੇ ਯੁੱਗ ਤੋਂ ਲੈ ਕੇ ਸਿੰਗਲ ਟ ?ਰੈਕ ਦੇ ਦੌਰ ਵਿਚ ਵੀ ਆਪਣੀ ਗਾਇਕੀ ਦਾ ਲੋਹਾ ਮਨਵਾਇਆ ।ਉਸਦੇ ਨਵੇਂ ਚਰਿੱਤਰ ਗੀਤ ਉਸਦੀ ਦਮਦਾਰ ਆਵਾਜ਼ ਦੀ ਗਵਾਹੀ ਭਰਦੇ ਹਨ।ਸੁਰਿੰਦਰ ਛਿੰਦਾ ਪੰਜਾਬੀ ਗਾਇਕੀ ਦਾ ਉਹ ਸੁਨਹਿਰੀ ਦੌਰ ਦਾ ਨਾਂ ਹੈ ਜੋ ਪੁਰਾਤਨ ਸਮੇਂ ਦੀਆਂ ਨਾਮਵਰ ਦੇਵ ਥਰੀਕਿਆਂ ਵਾਲਾ, ਜੱਗਾ ਗਿੱਲ ਨੱਥੋ ਹੇੜੀ ਵਾਲਾ,ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਹਾਕਮ ਬਖ਼ਤੜਈ ਵਾਲਾ,ਸੇਵਾ ਨੌਰਥ, ਸਨਮੁੱਖ ਆਜ਼ਾਦ, ਕਰਨੈਲ ਸਿਵੀਆਂ,ਅਮਰੀਕ ਤਲਵੰਡੀ, ਬਚਨ ਬੇਦਿਲ ਕਲਮਾਂ ਤੋਂ ਲੈ ਕੇ ਅਜੋਕੇ ਦੌਰ ਵਿਚ ਵੀ ਨਵੀਆਂ ਕਲਮਾਂ ਭੱਟੀ ਬੜੀ ਵਾਲਾ, ਕਾਲਾ ਸੰਘਿਆਂ ਵਾਲਾ, ਜਸਵੀਰ ਗਣਾਚੌਰੀਆ, ਬਿੱਟੂ ਦੌਲਤਪੁਰੀਆ ਨੂੰ ਗਾਉਣ ਦਾ ਮਾਣ ਪ੍ਰਾਪਤ ਕਰਦਾ ਰਿਹਾ ।

ਸਰੂਪ ਸਿੰਘ,ਚੌਧਰੀ ਮਾਜਰਾ (ਨਾਭਾ)
99886-27880

ਆਪਣੀ ਗਾਇਕੀ ਦੇ ਲੰਮੇ ਅਰਸ਼ਾਂ ਦਾ ਸਫ਼ਰ ਤਹਿ ਕਰਦਿਆਂ ਮਾਂ -ਬੋਲੀ ਪੰਜਾਬੀ ਦੇ ਇਸ ਸੱਭਿਆਚਾਰਕ ਸ਼ੇਰ ਨੇ ਆਪਣੀ ਦਹਾਕੜ ਆਵਾਜ਼ ਦੇ ਨਾਲ ਦੇਸ਼ ਵਿਦੇਸ਼ ਦੀਆਂ ਧਰਤਾ ਤੇ ਅਨੇਕਾਂ ਮਾਣ ਸਨਮਾਨ ਪ੍ਰਾਪਤ ਕਰਕੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੇ ਕੱਦ ਨੂੰ ਉੱਚਾ ਕੀਤਾ। ਧਰੂ ਤਾਰੇ ਵਾਂਗ ਚਮਕਦਾ ਹੋਇਆ ਸੁਰਿੰਦਰ ਛਿੰਦੇ ਦਾ ਨਾਂ ਉਦੋ ਹੋਰ ਵੀ ਸੁਨਹਿਰੀ ਲਿਸ਼ਕ ਬਿਖੇਰਨ ਲੱਗਾ ਜਦੋਂ ਪੰਜਾਬ ਸਰਕਾਰ ਵਲੋਂ ਇਸਦੀ ਕਲਾ ਨੂੰ ਨੁਹਾਰਦਿਆਂ ਹੋਇਆ ਸ਼੍ਰੋਮਣੀ ਗਾਇਕ ਦੇ ਐਵਾਰਡ ਨਾਲ ਨਿਵਾਜ ਕੇ ਇਸਦੇ ਗਾਇਕੀ ਦੇ ਇਤਿਹਾਸ ਨੂੰ ਸੁਨਹਿਰੀ ਅਰਫਾਂ ਵਿਚ ਪਰੋ੍ ਦਿੱਤਾ ।ਇਸ ਤੋਂ ਇਲਾਵਾ ਇਸਨੂੰ 2013 ਦੇ ਬ੍ਰਿਟ ਏਸ਼ੀਆ ਟੀਵੀ ਮਿਊਜ਼ਿਕ ਅਵਾਰਡਸ ਵਿੱਚ ਲਾਈਫਟਾਈਮ ਅਚੀਵਮੈਂਟ

ਐਵਾਰਡ ਅਤੇ ਕਲਾ ਪ੍ਰੀਸ਼ਦ ਵਲੋਂ ਉਨ੍ਹਾਂ ਨੂੰ ਪੰਜਾਬ ਗੌਰਵ ਰਤਨ ਦੇ ਖਿਤਾਬ ਨਾਲ ਨਿਵਾਜਿਆ ਗਿਆ ਜੋਂ ਪੰਜਾਬੀ ਸੰਗੀਤ ਦੇ ਲਈ ਬਹੁਤ ਹੀ ਗਰਭ ਵਾਲੀ ਗੱਲ ਹੈ।ਦੋਗਾਣਿਆਂ ਦੇ ਬਾਬਾ ਬੋਹੜ ਮੁਹੰਮਦ ਸਦੀਕ ਅਤੇ ਲੋਕ ਗਾਥਾਵਾਂ ਦੇ ਬਾਦਸ਼ਾਹ ਕਹੇ ਜਾਣ ਵਾਲੇ ਕੁਲਦੀਪ ਮਾਣਕ ਦੀ ਸਮਕਾਲੀ ਗਾਇਕੀ ਵਿਚ ਸੁਰਿੰਦਰ ਛਿੰਦਾ ਆਪਣੇ ਸੁਪਰ ਹਿੱਟ ਗੀਤ ਨਾਲ ਤਿਕੜੀ ਦਾ ਹਿੱਸਾ ਬਣ ਮੋਹਰੀ ਰੂਪ ਵਿਚ ਵਿਚਰਦਾ ਰਿਹਾ ।

ਪੰਜਾਬੀ ਗਾਇਕੀ ਦਾ ਇਹ ਸ਼ਾਹ ਅਸਵਾਰ ਗਾਇਕ ਸੰਗੀਤ ਦੇ ਬਦਲਵੇਂ ਦੌਰ ਵਿਚ ਵੀ ਆਪਣੇ ਪਰਿਵਾਰਿਕ ਸੱਭਿਆਚਾਰਕ ਗੀਤਾਂ ਦੇ ਨਾਲ ਗਾਇਕੀ ਦੇ ਮੈਦਾਨੀ ਡੱਟ ਪੰਜਾਬੀਅਤ ਦੇ ਝੰਡੇ ਨੂੰ ਬੁਲੰਦ ਕਰਦਾ ਰਿਹਾ ।ਸੁਰਿੰਦਰ ਛਿੰਦੇ ਦੀ ਮਕਬੂਲੀਅਤ ਤੋਂ ਪ੍ਰਭਾਵਿਤ ਹੋ ਇਨ੍ਹਾਂ ਦੀ ਸ਼ਰਨ ਚ ਆਏ ਸਵਰਗੀਏ ਅਮਰ ਸਿੰਘ ਚਮਕੀਲਾ,

ਕੁਲਦੀਪ ਪਾਰਸ, ਸੋਹਣ ਸਿੰਕਦਰ,ਗਿੱਲ ਹਰਦੀਪ ਤੇ ਇਨ੍ਹਾਂ ਦੇ ਬੇਟੇ ਮਨਿੰਦਰ ਛਿੰਦਾ ਨੇ ਵੀ ਬਤੌਰ ਸੁਰਿੰਦਰ ਛਿੰਦਾ ਜੀ ਨੂੰ ਉਸਤਾਦ ਧਾਰ ਕੇ ਸੰਗੀਤ ਦੀ ਸਿੱਖਿਆ ਗ੍ਰਹਿਣ ਕੀਤੀ। ਜਿਨ੍ਹਾਂ ਨੇ ਅੱਗੇ ਚੱਲ ਇਸ ਪ੍ਰਥਾ ਨੂੰ ਕਾਇਮ ਰੱਖਦਿਆਂ ਹੋਇਆ ਸੰਗੀਤ ਵਿੱਚ ਉੱਚਾ ਨਾਮਣਾ ਖੱਟਿਆ ਤੇ ਅੱਜ ਵੀ ਇਨ੍ਹਾਂ ਦੇ ਨਾਂ ਦੀ ਤੂਤੀ ਬੋਲਦੀ ਹੈ।

ਨੈਣਾਂ ਦੇ ਵਣਜਾਰੇ ਤੋਂ ਆਪਣੇ ਸੰਗੀਤ ਦੀ ਸ਼ੁਰੂਆਤ ਕਰਨ ਵਾਲਾ ਸੁਰਿੰਦਰ ਛਿੰਦਾ ਆਪਣੇ ਸੰਗੀਤਕ ਸਫ਼ਰ ਦੌਰਾਨ ਅਨੇਕਾਂ ਮਕਬੂਲ ਗੀਤਾਂ ਦੀ ਸਫ਼ਲਤਾ ਦਾ ਮਾਪਦੰਡ ਕਾਇਮ ਕਰ ਭਾਵੇਂ ਸਰੀਰਕ ਤੌਰ ਤੇ 26 ਜੁਲਾਈ 2023 ਨੂੰ ਸਦਾ ਲਈ ਇਸ ਦੁਨੀਆ ਤੋਂ ਕੂਚ ਕਰ ਗਿਆ ਪਰ ਫਿਰ ਵੀ ਪੰਜਾਬੀ ਗਾਇਕੀ ਦਾ ਸਾਡਾ ਇਹ ਸ਼੍ਰੋਮਣੀ ਸ਼ੇਰ ਗੱਵਾਈਆ ਅੱਜ ਵੀ ਆਪਣੀ ਰਿਕਾਰਡਿੰਗ ਦਹਾਕੜ ਆਵਾਜ਼ ਦੇ ਨਾਲ ਮਾਂ -ਬੋਲੀ ਪੰਜਾਬੀ ਦੀ ਸੇਵਾ ਕਰਦਾ ਨਜ਼ਰ ਆਉਂਦਾ ਹੈ। ਸੁਰਿੰਦਰ ਛਿੰਦਾ ਦੀ ਕਲਾ ਨਾਲ ਜੁੜਿਆ ਵੱਡਾ ਸਰੋਤਾ ਵਰਗ ਉਸਦੀ ਆਵਾਜ਼ ਆਨੰਦ ਮਾਣਦਾ ਹੈ।ਬਦਲਾ ਲੈਣ ਲਈ ਸੋਹਣਿਆਂ, ਜਿਊਣਾ ਮੌੜ ਛੱਤਰ ਚੜਾਉਣ ਚੱਲਿਆ, ਘੁੱਢ ਚੱਕ ਮਾਰਦੇ ਸਲੂਟ, ਮੈਨੂੰ ਕਹਿੰਦਾ ਲਾਣੇਦਾਰੀਏ ਅਤੇ ਬਾਬਿਆਂ ਤੇ ਚੱਲ ਚੱਲੀਏ ਵਰਗੇ ਅਨੇਕਾਂ ਸੁਪਰ ਹਿੱਟ ਗੀਤ ਸੱਭਿਆਚਾਰ ਫਿਜ਼ਾਵਾਂ ਵਿਚ ਉਸ ਦੇ ਨਾਂ ਦੀ ਮਹਿਕ ਘੋਲਦੇ ਆ ਰਹੇ ਹਨ ਤੇ ਘੋਲਦੇ ਰਹਿਣਗੇ।






# ਪ੍ਰੀਤ ਫੁਲਵਾੜੀ

## ਸਹੁੰ ਚੁੱਕਣਾ

ਉਦੋਂ ਗਊ ਦੀ ਸਹੁੰ ਚੁੱਕਣ ਤੋਂ
ਹਰ ਕੋਈ ਸੀ ਡਰਦਾ
ਗਊ ਦੀ ਪੂਛ ਫੜ੍ਹਾਉਣ ਤੋਂ
ਹਰ ਕੋਈ ਸੀ ਭੱਜਦਾ।
ਸੱਚ ਝੂਠ ਦਾ ਤਰਾਜ਼ੂ ਸੀ ਗਊ ਮਾਤਾ
ਸਭ ਨੂੰ ਝੂਠ ਬੋਲਣ ਤੋਂ ਸੀ ਡਰ ਲੱਗੇ
ਕੁੱਟ ਮਾਰ ਕਰਕੇ ਹੁਣ ਲੋਕੀਂ
ਦਿੰਦੇ ਨੇ ਧੱਕ ਇਨ੍ਹਾਂ ਨੂੰ ਅੱਗੇ।
ਲੋਕ ਧਰਮ ਸਥਾਨਾਂ ਵੱਲ ਹੱਥ ਜੋੜ ਕੇ
ਉਦੋਂ ਸਹੁੰ ਚੁੱਕਣ ਤੋਂ ਡਰਦੇ ਸੀ
ਹ ?ਹੁਣ ਤਾਂ ਗੁਰੂ ਦੀ ਬੇਅਦਬੀ ਨੇ ਕਰਦੇ
ਪਹਿਲਾਂ ਇਹ ਡਰਦੇ ਸੀ ।
ਧਰਮ ਗ੍ਰੰਥਾਂ ਦੀ ਸਹੁੰ ਚੁੱਕਣ ਨੂੰ
ਸੱਥ ਵਿੱਚ ਡਰਾਮਾ ਕਰਦੇ ਨੇ
ਸੱਚ ਕਹਿੰਦੇ ਨੇ ਸਿਆਣੇ
ਤਾਹੀਓਂ ਆਖਿਰ ਦੁੱਖ ਉਹ ਭਰਦੇ ਨੇ ।
ਇਹ ਸਹੁੰਆਂ ਹੁਣ ਬਣਗੀਆਂ
ਲੋਕਾਂ ਨੂੰ ਭਰਮਾਉਣ ਦੇ ਧੰਦੇ
ਸੰਸਕਾਰਾਂ ਤੋਂ ਟੁੱਟਣ ਲੱਗਗੇ
ਇਹ ਲੋਕ ਬੜੇ ਨੇ ਗੰਦੇ ।
ਲੋਕਾਂ ਦੇ ਰੋਹ ਅੱਗੇ ਕਹਿਆ
ਜੇਕਰ ਝੂਠੀ ਸਹੁੰ ਕੋਈ ਖਾਂਦਾ ।
ਝੂਠੀਆਂ ਸਹੁੰਆਂ ਚੁੱਕਣ ਵਾਲੇ ਕਹਿਆ
'ਕੱਖ ਨਾ ਰਹੇ' ਸੱਚ ਹੋ ਜਾਂਦਾ
ਲੋਕਾਂ ਦਾ ਹੈ ਪੈਸਾ ਸਾਰਾ
ਜੋ ਟੈਕਸ ਦੇ ਰੂਪ 'ਚ ਆਇਆ
ਪਰ ਇਹ ਭਰਦਾ ਢਿੱਡ ਉਨ੍ਹਾਂ ਦੇ
ਜਿਨ੍ਹਾਂ ਖੂਬ ਲੋਕਾਂ ਨੂੰ ਭਰਮਾਇਆ।
ਲੋਕੋ ਅਜੇ ਵੀ ਸਿਆਣੇ ਹੋ ਜੋ
ਮੂੰਹ ਇੰਨ੍ਹਾਂ ਨੂੰ ਲਾਓ ਨਾ
ਉੱਪਰੋਂ ਹਾਂ ਹਾਂ ਕਰਦੇ ਜਾਓ
ਵਿਸਵਾਸ਼ ਇੰਨ੍ਹਾਂ ਦਾ ਪਾਓ ਨਾ ।

**ਮੇਜਰ ਸਿੰਘ ਨਾਭਾ**

## ਗਰਮੀ ਹੈ ਵਰਦਾਨ

ਗਰਮੀ ਤੋਂ ਨਹੀਂ ਡਰਨਾ ਆਪਾਂ
ਇਹ ਸਾਨੂੰ ਕਈ ਫਾਇਦੇ ਦੇਵੇ
ਗਿੱਲੇ ਕਪੜੇ ਮਿੰਟਾਂ 'ਚ ਸੁਕਾਵੇ
ਫਸਲਾਂ ਨੂੰ ਸਮੇਂ ਸਿਰ ਪਕਾਵੇ।
ਗਰਮੀ ਇੱਕ ਨਿਆਮਤ ਹੈ
ਤਾਹੀਉਂ ਇਹ ਕਹਾਵਤ ਹੈ
'ਗਰਮੀ ਹੀ ਗਰਮੀ ਨੂੰ ਮਾਰੇ'
ਪਸੀਨਾ ਆ ਸਰੀਰ ਨੂੰ ਸੰਵਾਰੇ।
ਬਿਜਲੀ ਦੀ ਮੰਗ ਵੱਧਦੀ ਜਾਵੇ
ਕੋਲਾ ਹੁਣ ਮੁਕਦਾ ਜਾਵੇ
ਪਾਣੀ ਦੀ ਵੀ ਕਿੱਲਤ ਆਵੇ
ਨਵੇਂ ਰਾਹਾਂ ਵੱਲ ਉਹ ਹੁਣ ਜਾਵੇ।
ਗਰਮੀ ਵੀ ਵਰਦਾਨ ਕਹਾਵੇ
ਸੋਲਰ ਸਿਸਟਮ ਨੂੰ ਇਹ ਚਲਾਵੇ
ਮੁਫਤ 'ਚ ਸਾਨੂੰ ਬਿਜਲੀ ਪਾਵੇ
ਪ੍ਰਦੂਸ਼ਨ ਤੋਂ ਇਹ ਨਿਜਾਤ ਦਿਵਾਵੇ।
ਕੁਦਰਤ ਨੇ ਰੱਖਿਆ ਸਮਤੋਲ
ਗਰਮੀ ਸਰਦੀ ਹੈ ਅਨਮੋਲ
ਐਵੇਂ ਨਾ ਤੂੰ ਬੋਲ ਕਬੋਲ
ਕੁਦਰਤ ਦਾ ਹੈ ਸਾਰਾ ਰੋਲ।
ਸੜਕਾਂ,ਖੇਤਾਂ'ਚ ਜੋ ਕੰਮ ਨੇ ਕਰਦੇ
ਉਹ ਨਾ ਕਦੇ ਵੀ ਗਰਮੀ ਤੋਂ ਡਰਦੇ
ਖਾਧਾ ਪੀਤਾ ਹਜ਼ਮ ਨੇ ਕਰਦੇ
ਲੰਬੀ ਉਮਰੇ ਉਹ ਨੇ ਕੱਢਦੇ ।
ਗੁਰੂ ਅਰਜਨ ਦੇਵ ਦੀ ਕੁਰਬਾਨੀ ਬਾਰੇ
ਸਿੱਖ ਇਤਿਹਾਸ ਅਸੀਂ ਹਾਂ ਸੁਣਦੇ ।
ਤੱਤੀਆਂ ਤਵੀਆਂ ਤੇ ਵੀ ਬੈਠ
ਸਾਂਤ ਚਿੱਤ ਹੋ ਭਾਣੇ ਨੂੰ ਮੰਨਦੇ।

**ਮੇਜਰ ਸਿੰਘ ਨਾਭਾ ,**
**ਮੋ: 9463553962**

## ਦਿਨ ਤੀਆਂ ਦੇ

ਸਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀਂ ਪੀਂਘਾਂ ਪਾਈਆਂ।
'ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ,
ਨਣਦਾਂ ਤੇ ਭਰਜਾਈਆਂ।

ਹਾਸਾ-ਠੱਠਾ ਕਰਦੀਆਂ ਮਿਲ ਕੇ,
ਦਿੰਦੀਆਂ ਖ਼ੂਬ ਵਧਾਈਆਂ।
ਖ਼ੁਸ਼ੀ ਵੱਸੇ ਇਹ ਨਗਰ-ਖੇੜਾ,
ਜਿਸ ਵਿੱਛੜੀਆਂ ਆਣ ਮਿਲਾਈਆਂ।

ਰੰਗ-ਬਰੰਗੇ ਘੱਗਰੇ ਪਾਏ,
ਦੇਵੇ ਰੂਪ ਦੁਹਾਈਆਂ।
ਉੱਚੀ-ਉੱਚੀ ਪਾਉਣ ਬੋਲੀਆਂ,
ਅੰਬਰ-ਘਟਾਵਾਂ ਛਾਈਆਂ।

ਆ ਕੇ ਮਿਲ ਜਾ ਹਾਣ ਦਿਆ ਵੇ,
ਅੱਖੀਆਂ ਨੇ ਤ੍ਰਿਹਾਈਆਂ।
ਯਾਦ ਤੇਰੀ ਵਿੱਚ ਦੀਦੇ ਛਲਕਣ,
ਸਹਿ ਨਾ ਸਕਾਂ ਜੁਦਾਈਆਂ।

ਚਾਰੇ ਪਾਸੇ ਢੂੰਡਾਂ, ਜਿਸ ਨਾਲ,
ਵਿੱਚ ਜਵਾਨੀ ਲਾਈਆਂ।
ਬਿਨ ਤੇਰੇ ਤੋਂ ਸਾਰੀਆਂ ਘੜੀਆਂ,
ਬ੍ਰਿਹਾ ਵਿੱਚ ਬਿਤਾਈਆਂ।

ਦਿਲ ਮੇਰੇ 'ਚੋਂ ਛੱਲਾਂ ਉੱਠਣ,
ਕਿਉਂ ਸੀ ਅੱਖੀਆਂ ਲਾਈਆਂ।
ਕਰਕੇ ਚੇਤੇ ਓਸ ਸਮੇਂ ਨੂੰ,
ਅੱਖਾਂ ਨੇ ਭਰ ਆਈਆਂ।

**ਪ੍ਰੋ. ਨਵ ਸੰਗੀਤ ਸਿੰਘ**
(9417692015)

## ਵਸਦੇ ਘਰ ਉਜਾੜੇ ਜਿੰਨ੍ਹਾਂ ਨੇਂ

ਸਿਰ ਤੋਂ ਖਿੱਚ ਕੇ ਜ਼ਬਰਦਸਤੀ ਲਾਹੀ ਚੁੰਨੀ,
ਤੇ ਕੱਪੜੇ ਪਾੜੇ ਜਿੰਨ੍ਹਾਂ ਨੇਂ,
ਸ਼ਾਇਦ ਰੱਬ ਵੀ ਨਹੀਂ ਕਰਦਾ ਮਾਫ਼ ਉਹਨਾਂ ਨੂੰ,
ਵਸਦੇ ਘਰ ਉਜਾੜੇ ਜਿੰਨ੍ਹਾਂ ਨੇਂ,
ਬਣ ਕੇ ਯਾਰ ਬਨਾਉਟੀ ਘਰ ਵਿੱਚ ਵੜ ਜਾਂਦੇ,
ਅੱਖ ਨਾਲ ? ਅੱਖ ਮਿਲਾ ਕੇ ਇਹ ਧੋਖਾ ਕਰ ਜਾਂਦੇ,
ਗ਼ਲਤ ਹੋਣ ਲਈ, ਕੀਤੇ ਗ਼ਲਤ ਇਸ਼ਾਰੇ ਜਿੰਨ੍ਹਾਂ ਨੇ,
ਸ਼ਾਇਦ ਰੱਬ ਵੀ ਨਹੀਂ ਕਰਦਾ ਮਾਫ਼ ਉਹਨਾਂ ਨੂੰ,
ਵਸਦੇ ਘਰ ਉਜਾੜੇ ਜਿੰਨ੍ਹਾਂ ਨੇਂ,
ਜਿਸਮ ਦੇ ਭੁੱਖਿਆਂ, ਲਾਲਚੀਆਂ ਨੇਂ, ਤਰਸ ਉਹਨਾਂ ਕੀ ਕਰਨਾਂ ਏਂ,
ਜਦੋਂ ਪਾਪਾਂ ਵਾਲਾ ? ਘੜਾ ਭਰਿਆ , ਉਹਨਾਂ ਫਾਂਸੀ ਹੀ ਚੜ੍ਹਨਾਂ ਏਂ,
ਫੁੱਲਾਂ ਜਿਹੇ ਕੋਮਲ, ਸੋਹਲ ਸਰੀਰ ਲਤਾੜੇ ਜਿੰਨ੍ਹਾਂ ਨੇਂ,
ਸ਼ਾਇਦ ਰੱਬ ਵੀ ਨਹੀਂ ਕਰਦਾ ਮਾਫ਼ ਉਹਨਾਂ ਨੂੰ,
ਵਸਦੇ ਘਰ ਉਜਾੜੇ ਜਿੰਨ੍ਹਾਂ ਨੇਂ,
ਸਦਾ ਹੀ ਧੀਆਂ ਭੈਣਾਂ ਲਈ 'ਦਿਲਸ਼ਾਨ' ਦੁਆਵਾਂ ਕਰਦਾ ਹੈ,
ਇੱਜ਼ਤ ਨੂੰ ਦਾਗ਼ ਨਾਂ ਲੱਗ ਜਾਵੇ ਰਹਿੰਦਾ ਬੜਾ ਹੀ ਡਰਦਾ ਹੈ,
ਉਹ ਸਖ਼ਤ ਸਜ਼ਾਵਾਂ ਭੁਗਤਣ, ਵਾਰ ਕੀਤੇ ਪਿਛਵਾੜੇ ਜਿੰਨ੍ਹਾਂ ਨੇਂ,
ਸਾ ?ਇਦ ਰੱਬ ਵੀ ਨਹੀਂ ਕਰਦਾ ਮਾਫ਼ ਉਹਨਾਂ ਨੂੰ,
ਵਸਦੇ ਘਰ ਉਜਾੜੇ ਜਿੰਨ੍ਹਾਂ ਨੇਂ।

**ਦਿਲਸ਼ਾਨ, ਮੋਬਾਇਲ -9914304172**

## ਨਿਰਾਲੇ ਦਿਨ

ਅਸੀਂ ਪੜ੍ਹਨੀ ਮੁਹਾਰਨੀ,
ਉੜਾ ਐੜਾ ਪਾਈ ਜਾਣਾ।
ਵਾਰੀ ਵਾਰੀ ਲਿਖ ਲੈਣਾ,
ਉਹੀ ਫਿਰ ਢਾਈ ਜਾਣਾ।
ਸਲੇਟ ਉੱਤੇ ਥੁੱਕ ਕੇ ਤੇ,
ਹੱਥ ਨੂੰ ਘਸਾਈ ਜਾਣਾ।
ਸਲੇਟੀ ਅਤੇ ਗਾਚੀ
ਲੱਗਣੀ ਸਵਾਦ ਸਾਨੂੰ,
ਝੋਲੇ ਵਿੱਚ ਮੂੰਹ ਪਾ ਕੇ,
ਚੋਰੀ ਚੋਰੀ ਖਾਈ ਜਾਣਾ।
ਜੈ ਹਿੰਦ ਕਹਿਣਾ ਮੱਥੇ
ਉੱਤੇ ਹੱਥ ਰੱਖ,
ਇੱਕ ਨੰਬਰ ਦੋ ਨੰਬਰ
ਮੈਡਮ ਨੂੰ ਸਤਾਈ ਜਾਣਾ।
ਕਈ ਵਾਰੀ ਕੰਨ ਫੜ ਕੁੱਕੜ
ਸੀ ਬਣੇ ਅਸੀਂ,
ਮੰਨਣੀ ਨਾ ਸਰਮ ਭੋਰਾ
ਹੱਸੀ ਤੇ ਹਸਾਈ ਜਾਣਾ।
ਕਰਨਾ ਨਾ ਕੰਮ
ਅਸੀਂ ਜੇ ਸਕੂਲ ਦਾ,
ਭੈਣ ਜੀ ਨੇ ਸਾਥੋਂ ਬੈਠਕਾਂ
ਕਢਾਈ ਜਾਣਾ।
ਇੱਕ ਦੋ ਤਿੰਨ ਨਾਲੇ
ਅਸੀਂ ਬੋਲਣਾ
ਭੈਣ ਜੀ ਨੇ ਬੈਠ ਕੇ
ਡੰਡੇ ਨੂੰ ਹਲਾਈ ਜਾਣਾ।
ਘੰਟੀ ਜਦੋਂ ਵੱਜਣੀ ਜਾ ਕੇ
ਗਰਾਊਂਡ ਵਿੱਚ,
ਚੋਰ ਤੇ ਸਿਪਾਹੀ ਕਹਿ
ਇੱਕ ਦੂਜੇ ਨੂੰ ਭਜਾਈ ਜਾਣਾ।
ਮੋਢੇ ਵਿੱਚ ਝੋਲਾ ਤੇ
ਹੱਥ ਵਿੱਚ ਫੱਟੀ ਹੋਣੀ,
ਕਮਲਿਆ ਵਾਂਗੂ ਉਸ ਨੂੰ
ਘੁਮਾਈਂ ਜਾਣਾ।
ਆੜੀ ਟੂ ਕਰਕੇ ਫੇਰ
ਅਸੀਂ ਪਾ ਲੈਣੀ,
ਸਭ ਕੁਝ ਭੁੱਲ ਇੱਕ ਦੂਜੇ
ਨੂੰ ਬੁਲਾਈ ਜਾਣਾ।
ਹਰਪ੍ਰੀਤ ਪੱਤੋ ਉਹ ਦਿਨ
ਹੀ ਨਿਰਾਲੇ ਸੀ।
ਦੱਸ ਦੇਣਾ ਸਾਰਿਆਂ ਨੂੰ
ਨਾਲੇ ਚੀਜ ਨੂੰ ਛਪਾਈ ਜਾਣਾ।

**ਹਰਪ੍ਰੀਤ ਪੱਤੋ**
94658-21417

## ਨੰਬਰ ਵੰਨ ਸਟੇਟ

ਪੰਜਾਬ ਦੀ ਧਰਤੀ ਤੇ ਨਸ਼ਿਆਂ ਦਾ ਦਰਿਆ ਹੈ ਵਗ ਰਿਹਾ,
ਸਰਵਣ ਵਰਗੇ ਪੁੱਤਾਂ ਨੂੰ ਆਪਣੇ ਲਪੇਟੇ ਵਿੱਚ ਹੈ ਲੈ ਰਿਹਾ।
ਬੁਢਾਪੇ ਵਿੱਚ ਜਿੰਨ੍ਹਾਂ ਪੁੱਤਾਂ ਨੇ ਸੰਭਾਲਣਾ ਸੀ ਮਾਂ – ਬਾਪ ਨੂੰ,
ਉਹ ਨਸ਼ਿਆਂ ਦੇ ਟੀਕੇ ਲਾ ਕੇ ਧੋਖਾ ਦੇ ਰਹੇ ਆਪਣੇ ਆਪ ਨੂੰ।
ਉਹ ਨਸ਼ੇ ਲਈ ਪੈਸੇ ਲੈਣ ਲਈ ਮਾਂ -ਬਾਪ ਨੂੰ ਤੰਗ ਕਰ ਰਹੇ,
ਜ਼ਿਆਦਾ ਨਸ਼ੇ ਕਰਕੇ ਉਹ ਭਰ ਜਵਾਨੀ ਵਿੱਚ ਹੀ ਮਰ ਰਹੇ।
ਆਪਣੇ ਮਾਂ -ਬਾਪ ਨੂੰ ਧੱਕੇ ਖਾਣ ਲਈ ਛੱਡ ਕੇ ਜਾ ਰਹੇ ਨੇ,
ਆਪਣੀਆਂ ਭੈਣਾਂ ਪ੍ਰਤੀ ਫਰਜ਼ ਨਿਭਾਏ ਬਿਨਾਂ ਹੀ ਜਾ ਰਹੇ ਨੇ।
ਮੇਰੇ ਪੰਜਾਬ ਦੇ ਨੌਜਵਾਨੋ ,ਸੰਭਲਣ ਦਾ ਵੇਲਾ ਹੈ ਹਾਲੇ,
ਇਹ ਪੰਜਾਬ ਤੁਹਾਡਾ ਹੈ, ਨਾ ਕਰੋ ਇਸ ਨੂੰ ਗੈਰਾਂ ਦੇ ਹਵਾਲੇ।
ਪੀਉ ਦੁੱਧ, ਖਾਉ ਮੱਖਣ ਤੇ ਫਲ ਤਾਜ਼ੇ, ਕਰੋ ਵਰਜਿਸ਼ਾਂ,
ਖੇਡੋ ਕਬੱਡੀ ਤੇ ਫੁੱਟਬਾਲ, ਕਰੋ ਦਿਲ ਲਾ ਕੇ ਪੜ੍ਹਾਈਆਂ।
ਬਣਾ ਦਿਉ ਦੇਸ਼ ਦਾ ਨੰਬਰ ਵੰਨ ਸੂਬਾ ਆਪਣੇ ਪੰਜਾਬ ਨੂੰ,
ਕਰ ਦਿਉ ਸਾਕਾਰ ਸਰਦਾਰ ਭਗਤ ਸਿੰਘ ਦੇ ਖਾਬ ਨੂੰ।

**ਮਹਿੰਦਰ ਸਿੰਘ ਮਾਨ**

## ਮੁੰਡੇ ਨਸ਼ੇ ਦੇ ਆਦੀ

ਲੱਤ ਮਾਰ ਕੇ ਦੁੱਧ ਤੇ ਘਿਓ ਨੂੰ,
ਮੁੰਡੇ ਨਸ਼ੇ ਦੇ ਆਦੀ ਹੋਏ ਬੇਲੀ।
ਉੱਥੋਂ ਕੱਢ ਲੈਂਦੇ ਨੇ ਝੱਟ ਪੈਸੇ,
ਜਿੱਥੇ ਪਿਓ ਨੇ ਹੋਣ ਲਕੋਏ ਬੇਲੀ।
ਕਿਤੇ ਮਾਂ ਨੂੰ ਜ਼ਖਮੀ ਕੀਤਾ ਨਸ਼ੇ ਕਰਕੇ,
ਕਿਤੇ ਪਿਓ ਨਾਲ ਵੱਧ, ਘੱਟ ਹੋਏ ਬੇਲੀ।
ਆਪ ਰੁਲਦੇ, ਮਾਂ-ਪਿਓ ਨੂੰ ਰੋਲਦੇ,
ਜ਼ਮੀਨਾਂ ਵੇਚ ਕੇ ਵਿਹਲੇ ਹੋਏ ਬੇਲੀ।
ਜਦ ਮਿਲੇ ਨਾ ਪੈਸੇ ਉਧਾਰੇ ਕਿਸੇ ਤੋਂ,
ਬੱਚਿਆਂ ਵਾਂਗ ਉੱਚੀ, ਉੱਚੀ ਰੋਏ ਬੇਲੀ।
ਆਪੇ ਹੰਝੂ ਇਨ੍ਹਾਂ ਨੇ ਗਲ਼ ਪਾਏ,
ਕਿਹੜਾ ਇਨ੍ਹਾਂ ਦੀਆਂ ਅੱਖਾਂ ਧੋਏ ਬੇਲੀ।
ਕਈ ਮਰੇ ਨਸ਼ੇ ਦੀ ਘਾਟ ਕਰਕੇ,
ਕਈ ਵੱਧ ਨਸ਼ੇ ਦੀ ਡੋਜ ਨਾਲ ਮੋਏ ਬੇਲੀ।
ਕਿਵੇਂ ਨਸ਼ਿਆਂ ਨੂੰ ਪਏ ਠੱਲ੍ਹ ਇੱਥੇ,
ਨਸ਼ਾ ਤਸਕਰਾਂ ਨਾਲ ਨੇਤਾ ਰਲੇ ਹੋਏ ਬੇਲੀ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਜਬਰ ਦੀ ਕਮਾਨ

ਸੰਸਦ ਦਾ ਸੀ ਉਦਘਾਟਨ,
ਇੱਕ ਪਾਸੇ ਘਸਮਾਨ ਓਏ,
ਰਾਸਟਰਪਤੀ ਨਾ ਬੁਲਾ ਕੇ,
ਬੜਾ ਕੀਤਾ ਅਪਮਾਨ ਓਏ।

ਓ ਇਹ ਨਹੀਂ ਟਲਦੇ ਲੋਕੋ,
ਚਲਦੇ ਮਨੂੰਏ ਵਿਧਾਨ ਓਏ,
ਸਾਡਾ ਤਾਂ ਖੋਖਲਾ ਕੀਤਾ,
ਓ ਭਾਰਤੀ ਸੰਵਿਧਾਨ ਓਏ।

ਇਹਨਾਂ ਭਾਣੇ ਤਾਂ ਅਤਿ ਉੱਤਮ,
ਕਸੀ ਜਬਰ ਦੀ ਕਮਾਨ ਓਏ,
ਓ ਅੱਜ ਪੈਰਾਂ ਹੇਠਾਂ ਰੋਲਤਾ,
ਜੋ ਦੇਸ ਦਾ ਸੀ ਮਾਣ ਓਏ।

ਕੀਰਤਨ ਦਾ ਹੋਇਆ ਨਰਾਦਰ,
ਇਹਨਾਂ ਵੇਚਤਾ ਇਮਾਨ ਓਏ,
ਉਦਘਾਟਨ ਮੌਕੇ ਆਉਣਾ ਨਹੀਂਓ,
ਕਈਆਂ ਕੀਤਾ ਸੀ ਐਲਾਨ ਓਏ।

ਝੂਠਾ ਹੈ ਲੋਕਤੰਤਰ ਇਹਨਾਂ,
ਇਹ ਨਹੀਂ ਇਨਸਾਨ ਓਏ,
ਓ ਪੈਰਾਂ ਵਿੱਚ ਰੋਲ ਦਿੱਤੀ,
ਅੱਜ ਤਰੰਗੇ ਦੀ ਸਾਨ ਓਏ।

ਕੀ ਦੱਸਾਂ ਕੀ-ਕੀ ਹੈ ਵੇਖਿਆ,
ਮੈਂ ਹੋਇਆ ਹਾਂ ਹੈਰਾਨ ਓਏ,
ਸੰਵਿਧਾਨਿਕ ਮੁਖੀ ਨਾ ਬੁਲਾ ਕੇ,
ਬੜਾ ਕੀਤਾ ਅਪਮਾਨ ਓਏ।

ਸੰਸਦ ਦਾ ਸੀ ਉਦਘਾਟਨ,
ਇੱਕ ਪਾਸੇ ਘਸਮਾਨ ਓਏ,
ਓ ਇਹ ਨਹੀਂ ਟਲਦੇ ਲੋਕੋ,

**ਗਗਨ ਫੂਲ**
**ਸੰਪ: 75289-03512**

## ਦੇਣਾ ਪੈਣਾ ਹੈ ਜਵਾਬ

ਵਾਤਾਵਰਨ ਨੂੰ ਕਿਉਂ ਕਰੀ ਜਾਵੇਂ ਤੂੰ ਖਰਾਬ
ਬੰਦਿਆ ! ਰੱਬ ਨੂੰ ਵੀ ਦੇਣਾ ਪੈਣਾ ਹੈ ਜਵਾਬ
ਵਧ ਗਿਆ ਤਾਪਮਾਨ ਹੈ ਤੇ ਸੁੱਕੇ ਫੁੱਲ ਬੂਟੇ
ਅੱਗ ਪਈ ਵਗ੍ਹੀ ਜਾਵੇ ਅਸਮਾਨੋਂ ਬੇਹਿਸਾਬ
ਜੋ ਬੀਜੇਗਾ ਸੋ ਉੱਗ ਉੱਗ ਵਧੀਓ ਹੀ ਜਾਣਾ
ਹਰੀ ਭਰੀ ਧਰਤੀ ਦੇ ਲੈਣੇ ਪੈਣੇ ਨੇ ਖਵਾਬ
ਬੀਜ ਲੈ ਤੂੰ ਸੋਹਣੇ ਸੋਹਣੇ ਛਾਵਾਂ ਵਾਲੇ ਬੂਟੇ
ਗੰਦ ਮੰਦ ਸੁੱਟ ਨਹੀਂ ਤੂੰ ਬਣ ਜਾਣਾ ਨਵਾਬ
ਕਿਤੇ ਲਾਰੀਆਂ ਦੇ ਧੂੰਏਂ ਕਿਤੇ ਵਾਵਾਂ ਤੱਤੀਆਂ
ਓਜੋਨ ਹੁੰਦੀ ਜਾਏ ਲੀਰੋ ਲੀਰ ਬੇਹਿਸਾਬ
ਜਿੱਥੇ ਦਿਲ ਕਰੇ ਵੱਢ ਵੱਢ ਰੁੱਖ ਸੁੱਟੀ ਜਾਏਂ
ਬਣਾਈ ਜਾਏਂ ਉੱਥੇ ਮੌਲ ਮਹਿਲ ਲਾਜਵਾਬ
ਭੀੜਾਂ ਦੇ ਪਸਾਰੇ ਵਧਾ ਕੇ ਘਟਾਈ ਜਾਏਂ ਰੁੱਖ
ਕੱਲਾ ਹੀ ਤੂੰ ਸੁੱਖ ਭਾਲੇਂ ਕਿਉਂ ਬਣਦਾ ਨਵਾਬ
ਪਾਣੀ ਬਣਾ ਦਿੱਤੇ ਤੂੰ ਕਾਲੇ,ਖਾਰੇ ਤੇ ਤੇਜਾਬੀ
ਕਿੱਥੋਂ ਭਾਲੇਂ ਤੰਦਰੁਸਤੀ ਦੇ ਰਾਜ ਤੂੰ ਧਨਾਢ
ਹਜੇ ਤਾਂ ਮੌਸਮਾਂ ਨੇ ਹੀ ਬਦਲੇ ਨੇ ਮਿਜਾਜ
ਕਿੰਨਾ ਕੁਛ ਬਦਲੂ ਤੈਨੂੰ ਰੱਤਾ ਵੀ ਨਾ ਹਿਸਾਬ
ਪਾਲ ਲਵੋ ਪੰਜ ਰੁੱਖ ਵਾਂਗ ਪੁੱਤਾਂ ਨਾਲ ਨਾਲ
ਧਰਤੀ ਵੀ ਖੁਸ ਨਾਲੇ ਵਾਤਾਵਰਨ ਬੇਹਿਸਾਬ
ਬਣ ਜਾਵੋ ਸਾਰੇ ਮਾਂ ਕੁਦਰਤ ਦੇ ਵਾਰਿਸੀ ਪੁੱਤ
ਜਿਹੜੀ ਪਾਲਦੀ ਰਹੀ ਦੇ ਕੇ ਬਾਣਾ ਪੰਜ ਨਾਦ
ਵਾਤਾਵਰਨ ਨੂੰ ਕਿਉਂ ਤੂੰ ਕਰੀਂ ਜਾਵੇਂ ਖਰਾਬ
ਬੰਦਿਆ ! ਰੱਬ ਨੂੰ ਵੀ ਦੇਣਾ ਪੈਣਾ ਹੈ ਜਵਾਬ।

**ਬਰਜਿੰਦਰ ਕੌਰ ਬਿਸਰਾਓ...**
9988901324

## ਜ਼ਮਾਨਾ

ਪਹਿਲਾਂ ਜਮਾਨਾ ਹੋਰ ਹੁੰਦਾ ਸੀ
ਔਲਾਦ ਤੇ ਮਾਪਿਆਂ ਦਾ ਜੋਰ ਹੁੰਦਾ ਸੀ
ਹੁਣ ਸਾਰੇ ਆਪ ਮੁਹਾਰੇ ਹੋਏ
ਵਿਕਦੀ ਜਾਂਦੀ ਸਾਰੀ ਭੋਂਇ।
ਮੋਬਾਈਲ ਫੋਨ ਨੇ ਪੱਟੇ ਲੋਕ
ਹਰ ਕਿਸੇ ਦੀ ਬਦਲੀ ਸੋਚ
ਰਿਸਤਿਆਂ ਦੇ ਸੌਦੇ ਹੋਏ
ਵਿਕਦੀ ਜਾਂਦੀ ਸਾਰੀ ਭੋਂਇ।
ਨਸੇ ਦੀ ਚੱਲੀ ਚੰਦਰੀ ਬੀਮਾਰੀ
ਪੁੱਤ ਮਾਪਿਆ ਦੇ ਜਾਂਦੀ ਮਾਰੀ
ਕੌਣ ਇਸ ਕਲੰਕ ਨੂੰ ਧੋਇ
ਵਿਕਦੀ ਜਾਂਦੀ ਸਾਰੀ ਭੋਂਇ।
ਪਿਉ ਦੀ ਪੱਗ ਤੇ ਮਾਂ ਦੀ ਮਮਤਾ
ਖਤਮ ਹੁੰਦੀ ਜਾਵੇ ਰਮਤਾ ਰਮਤਾ
ਸੁਖਚੈਨ, ਦੀ ਕਲਮ ਵੀ ਰੋਈ ਜਾਏ
ਵਿਕਦੀ ਜਾਂਦੀ ਸਾਰੀ ਭੋਂਇ।

**ਸੁਖਚੈਨ ਸਿੰਘ,ਠੱਠੀ ਭਾਈ,**
00971527632924

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 364

Website: www.preetnama.com Email preetnamausa@gmail.com

31 JULY TO 06 AUGUST, 2026


